
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 15
July 24, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅੱਠਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ। **(ਸਬੰਧਤ ਲੇਖ ਦੇਖੋ ਸਫਾ 20 'ਤੇ)**

# ਬ੍ਰੈਗਜ਼ਿਟ ਸਮਰਥਕ ਬੋਰਿਸ ਜੌਨਸਨ ਹੋਣਗੇ ਬਰਤਾਨੀਆ ਦੇ ਪ੍ਰਧਾਨ ਮੰਤਰੀ

**ਲੰਡਨ (ਬਿਊਰੋ)–** ਯੂਰਪੀ ਸੰਘ ਤੋਂ ਬਰਤਾਨੀਆ ਦੇ ਵੱਖ ਹੋਣ (ਬ੍ਰੈਗਜ਼ਿਟ) ਨੂੰ ਲੈ ਕੇ ਬਣੀ ਬੇਵਸਾਹੀ ਵਿਚਕਾਰ ਬੋਰਿਸ ਜੌਨਸਨ ਨੂੰ ਬਰਤਾਨੀਆ ਦਾ ਅਗਲਾ ਪ੍ਰਧਾਨ ਮੰਤਰੀ ਚੁਣ ਲਿਆ ਗਿਆ ਹੈ। ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਅਹੁਦੇ ਦੀ ਚੋਣ 'ਚ ਜੌਨਸਨ ਨੇ ਆਪਣੇ ਵਿਰੋਧੀ ਜੇਰਮੀ ਹੰਟ ਨੂੰ ਵੱਡੇ ਫਰਕ ਨਾਲ ਹਰਾ ਦਿੱਤਾ। ਜ਼ਿਕਰਯੋਗ ਹੈ ਕਿ ਬਰਤਾਨੀਆ 'ਚ ਸੱਤਾਧਾਰੀ ਦਲ ਦਾ ਮੁਖੀ ਹੀ ਪ੍ਰਧਾਨ ਮੰਤਰੀ ਬਣਦਾ ਹੈ। ਲੰਡਨ ਦੇ ਮੇਅਰ ਤੇ ਵਿਦੇਸ਼ ਮੰਤਰੀ ਰਹਿ ਚੁੱਕੇ ਜੌਨਸਨ ਨੂੰ 92,153 ਵੋਟਾਂ ਮਿਲੀਆਂ ਸਨ। ਉੱਥੇ ਵਿਦੇਸ਼ ਮੰਤਰੀ ਹੰਟ ਦੀ ਝੋਲੀ 'ਚ 46,656 ਵੋਟਾਂ ਹੀ ਆਈਆਂ। ਜੌਨਸਨ ਬੁੱਧਵਾਰ ਨੂੰ ਅਧਿਕਾਰਕ ਤੌਰ 'ਤੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣਗੇ। ਦੱਸਣਯੋਗ ਹੈ ਕਿ ਬ੍ਰੈ-ਗਜ਼ਿਟ ਨੂੰ ਲੈ ਕੇ ਯੂਰਪੀ ਸੰਘ (ਈਯੂ) ਨਾਲ ਕੋਈ ਵੀ



ਸਮਝੌਤਾ ਕਰਨ 'ਚ ਅਸਫਲ ਰਹੀ ਥੈਰੇਸਾ ਮੇ ਨੇ ਮਈ 'ਚ ਪ੍ਰਧਾਨ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਸੀ। ਉਸ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ ਦੇ ਕਈ ਆਗੂਆਂ ਨੇ ਪਾਰਟੀ ਦੇ ਪ੍ਰਧਾਨ ਤੇ ਪ੍ਰਧਾਨ ਮੰਤਰੀ ਅਹੁਦੇ ਲਈ ਦਾਅਵੇਦਾਰੀ ਪੇਸ਼ ਕੀਤੀ ਸੀ। ਆਖ਼ਰੀ ਦੌਰ 'ਚ ਵਿਦੇਸ਼ ਮੰਤਰੀ ਜੇਰਮੀ ਹੰਟ ਤੇ ਜੌਨਸਨ ਆਹਮੋ ਸਾਹਮਣੇ ਸਨ।

ਇਸ ਜਿੱਤ ਲਈ ਥੈਰੇਸਾ ਮੇ ਨੇ ਜੌਨਸਨ ਨੂੰ ਵਧਾਈ ਦਿੰਦਿਆਂ ਕਿਹਾ, 'ਅਸੀਂ ਇਕੱਠੇ ਮਿਲ ਕੇ ਬ੍ਰੈਗਜ਼ਿਟ 'ਤੇ ਕੰਮ ਕਰਾਂਗੇ। ਮੇਰੇ ਵੱਲੋਂ ਤੁਹਾਨੂੰ ਪੂਰੀ ਹਮਾਇਤ ਮਿਲੇਗੀ।'

**ਬ੍ਰੈਗਜ਼ਿਟ 'ਤੇ ਮੁੜ ਪ੍ਰਗਟਾਈ ਵਚਨਬੱਧਤਾ**

ਚੋਣ ਜਿੱਤਣ ਤੋਂ ਬਾਅਦ ਜੌਨਸਨ ਨੇ ਬ੍ਰੈਗਜ਼ਿਟ 'ਤੇ ਮੁੜ ਆਪਣੀ ਵਚਨਬੱਧਤਾ ਪ੍ਰਗਟਾਈ ਹੈ। ਆਪਣੇ ਸੰਬੋਧਨ 'ਚ ਉਨ੍ਹਾਂ ਕਿਹਾ, 'ਅਸੀਂ ਦੇਸ਼ 'ਚ ਨਵੀਂ ਊਰਜਾ ਭਰਾਂਗੇ। 31 ਅਕਤੂਬਰ ਤਕ ਬ੍ਰੈਗਜ਼ਿਟ ਦੀ ਪ੍ਰਕਿਰਿਆ ਪੂਰੀ ਕਰ ਲਈ ਜਾਵੇਗੀ।

# ਕਰਨਾਟਕ 'ਚ ਸਿਆਸੀ ਨਾਟਕ ਦਾ ਅੰਤ, ਕੁਮਾਰਸਵਾਮੀ ਨੇ ਦਿੱਤਾ ਅਸਤੀਫਾ

**ਬੈਂਗਲੁਰੂ (ਬਿਊਰੋ)–** ਕਰਨਾਟਕ 'ਚ ਪਿਛਲੇ ਕਈ ਦਿਨਾਂ ਤੋਂ ਚੱਲ ਰਿਹਾ ਨਾਟਕ ਆਖਰ ਖ਼ਤਮ ਹੋ ਗਿਆ ਅਤੇ ਬਹੁਮਤ ਪ੍ਰੀਖਣ 'ਚ 14 ਮਹੀਨੇ ਪੁਰਾਣੀ ਕੁਮਾਰ ਸਵਾਮੀ ਸਰਕਾਰ ਡਿੱਗ ਗਈ। ਗਠਜੋੜ ਸਰਕਾਰ ਦੇ ਪੱਖ 'ਚ ਜਿੱਥੇ 99 ਵੋਟਾਂ ਪਈਆਂ ਅਤੇ ਸਰਕਾਰ ਦੇ ਵਿਰੋਧ 'ਚ 105 ਵੋਟਾਂ ਪਈਆਂ। ਬਸਪਾ ਦੇ ਵਿਧਾਇਕ ਨੇ ਵਿਸ਼ਵਾਸ ਮਤ ਪ੍ਰਸਤਾਵ 'ਚ ਹਿੱਸਾ ਨਹੀਂ ਲਿਆ। ਉੱਥੇ ਭਾਜਪਾ ਦੇ ਇਕ ਵਿਧਾਇਕ ਵੀ ਇਸ ਮੌਕੇ ਗ਼ੈਰ ਹਾਜ਼ਰ ਸਨ। ਵਿਧਾਇਕਾਂ ਦੇ ਅਸਤੀਫ਼ੇ ਤੋਂ ਸ਼ੁਰੂ ਹੋਇਆ ਰਾਜਨੀਤਕ ਨਾਟਕ ਆਖਰ ਸਰਕਾਰ ਦੇ ਡਿੱਗਣ ਤੱਕ



ਪਹੁੰਚ ਗਿਆ। ਬਹੁਮਤ ਗਵਾਉਣ ਤੋਂ ਬਾਅਦ ਕੁਮਾਰਸਵਾਮੀ ਨੇ ਆਪਣਾ ਅਸਤੀਫਾ ਰਾਜਪਾਲ ਵਜੂਭਾਈ ਵਾਲਾ ਨੂੰ ਸੌਂਪ ਦਿੱਤਾ ਹੈ। ਭਰੋਸਾ ਵੋਟ ਤੋਂ ਬਾਅਦ ਭਾਜਪਾ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਬੀਐੱਸ ਯੇਦੀਯੁਰੱਪਾ ਨੇ ਕਿਹਾ ਕਿ ਇਹ ਲੋਕਤੰਤਰ ਦੀ ਜਿੱਤ ਹੈ। ਕੁਮਾਰ ਸਵਾਮੀ ਸਰਕਾਰ ਤੋਂ ਲੋਕ ਪਰੇਸ਼ਾਨ ਹੋ ਗਏ ਸਨ। ਵਿਕਾਸ ਦਾ ਇਕ ਨਵਾਂ ਯੁੱਗ ਹੁਣ ਸ਼ੁਰੂ ਹੋਵੇਗਾ। ਅਸੀਂ ਕਿਸਾਨਾਂ ਨੂੰ ਭਰੋਸਾ ਦਿੰਦੇ ਹਾਂ ਕਿ ਆਉਣ ਵਾਲੇ ਦਿਨਾਂ 'ਚ ਅਸੀਂ ਉਨ੍ਹਾਂ ਨੂੰ ਹੋਰ ਜ਼ਿਆਦਾ ਮਹੱਤਵ ਦਿਆਂਗੇ।



ਸ੍ਰੀ ਕਸ਼ਮੀਰੀ ਭਾਟੀਆ ਅਤੇ ਉਹਨਾਂ ਦੀ ਸੁਪਤਨੀ ਬੀਬੀ ਕਮਲਜੀਤ ਕੌਰ ਭਾਟੀਆ ਆਪਣੇ ਨਵੇਂ ਘਰ ਦੇ ਗ੍ਰਹਿ ਪ੍ਰਵੇਸ਼ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕਰਦੇ ਹੋਏ। **(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11, 12, 13, 14 'ਤੇ)**

# ਹਿਮਾ ਨੇ ਵਧਾਇਆ ਭਾਰਤ ਦਾ ਮਾਣ

ਯੂਰਪ ਵਿੱਚ ਤਿੰਨ ਹਫ਼ਤੇ ਵਿੱਚ ਪੰਜ ਤਗ਼ਮੇ ਜਿੱਤਣ ਵਾਲੀ ਸਟਾਰ ਦੌੜਾਕ ਹਿਮਾ ਦਾਸ ਆਪਣੇ ਸਰਵੋਤਮ ਪ੍ਰਦਰਸ਼ਨ ਦੇ ਕਰੀਬ ਹੈ। 19 ਸਾਲ ਦੀ ਹਿਮਾ ਨੇ ਪੋਲੈਂਡ ਅਤੇ ਚੈੱਕ ਗਣਰਾਜ ਵਿੱਚ 2 ਜੁਲਾਈ ਮਗਰੋਂ 200 ਮੀਟਰ ਵਿੱਚ ਚਾਰ ਅਤੇ 400 ਮੀਟਰ ਦੇ ਇੱਕ ਮੁਕਾਬਲੇ ਵਿੱਚ ਸੋਨ ਤਗ਼ਮੇ ਜਿੱਤੇ ਹਨ। ਇਸ ਦੌਰਾਨ ਉਸ ਨੇ ਆਪਣੇ ਸਮੇਂ ਵਿੱਚ ਵੀ ਸੁਧਾਰ ਕੀਤਾ ਹੈ। ਹਿਮਾ ਦੇ ਕੋਚ ਨੇ ਦੱਸਿਆ ਕਿ "ਹਿਮਾ ਸਹੀ ਦਿਸ਼ਾ ਵਿੱਚ ਅੱਗੇ ਵਧ ਰਹੀ ਹੈ। ਜੇਕਰ ਤੁਸੀਂ 50 ਸੈਕਿੰਡ ਤੋਂ ਘੱਟ ਸਮੇਂ ਵਿੱਚ ਦੌੜ (400 ਮੀਟਰ) ਪੂਰੀ ਕਰਨਾ ਚਾਹੁੰਦੇ ਹੋ ਤਾਂ ਤੁਹਾਡੇ ਕੋਲ 22.80 ਸੈਕਿੰਡ ਵਿੱਚ ਦੌੜ (200 ਮੀਟਰ) ਪੂਰੀ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ।'' ਹਿਮਾ ਨੇ 20 ਜੁਲਾਈ ਨੂੰ 400 ਮੀਟਰ ਵਿੱਚ 52.09 ਸੈਕਿੰਡ ਦੇ ਸੈਸ਼ਨ ਦੇ ਸਰਵੋਤਮ ਸਮੇਂ ਨਾਲ ਸੋਨ ਤਗ਼ਮਾ ਜਿੱਤਿਆ ਸੀ।

**ਸ਼ਿੰਗਾਰਾ ਸਿੰਘ ਰੱਲ੍ਹ, ਦਲਵਿੰਦਰ ਰੱਲ੍ਹ, ਕੁਲਦੀਪ ਸੁੰਮਨ, ਪ੍ਰਸ਼ੋਤਮ ਸੂਦ ਅਤੇ ਰਾਮ ਸੇਵਕ ਭਾਟੀਆ ਵੱਲੋਂ ਹਿਮਾ ਦਾਸ ਨੂੰ ਸ਼ਾਨਦਾਰ ਪ੍ਰਦਰਸ਼ਨ 'ਤੇ ਲੱਖ-ਲੱਖ ਵਧਾਈਆਂ**

**(ਸਬੰਧਤ ਲੇਖ ਸਫਾ 17 'ਤੇ ਦੇਖੋ)**





MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

Desi Root.Org Presents :-

# PITTSBURG'S 5TH ANNUAL

# Teeyan Da Mela

## 27 ਜੁਲਾਈ 2019 ਦਿਨ ਸ਼ਨਿਚਰਵਾਰ

### at Martin Luther King JR High School 2012 Carion Ct Pittsburg CA 94565



ਪੰਜਾਬੀ ਮਲਟੀਕਲਚਰਲ ਸੁਸਾਇਟੀ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਤੀਆਂ ਦਾ ਮੇਲਾ 27 ਜੁਲਾਈ 2019 ਦਿਨ ਸ਼ਨਿਚਰਵਾਰ ਨੂੰ ਦੁਪਹਿਰ 1 ਵਜੇ ਤੋਂ 6 ਵਜੇ ਤੱਕ Martin Luther King JR High School 2012 Carion Ct Pittsburg CA 94565 ਵਿਖੇ ਪੂਰਨ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਹ ਮੇਲਾ ਬਿਲਕੁਲ ਫਰੀ ਹੈ ਅਤੇ ਸਿਰਫ ਔਰਤਾਂ ਅਤੇ ਬੱਚਿਆਂ ਲਈ ਹੋਵੇਗਾ। ਖਾਣ ਪੀਣ ਦੇ ਸਟਾਲਾਂ ਤੋਂ ਇਲਾਵਾ ਕੱਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਗਾਏ ਜਾਣਗੇ। ਰੈਫਲ ਗਿਫਟ ਕੱਢੇ ਜਾਣਗੇ।

**ਪ੍ਰੋਗਰਾਮ**
27 ਜੁਲਾਈ 2019 ਦਿਨ ਸ਼ਨਿਚਰਵਾਰ
ਸਮਾਂ: ਸ਼ਾਮ 1 ਵਜੇ ਤੋਂ 6 ਵਜੇ ਤੱਕ
ਸਥਾਨ: Martin Luther King JR High School
2012 Carion Ct Pittsburg CA 94565

ਮੇਲੇ ਵਿਚ ਭੰਗੜਾ, ਡਾਂਸ, ਹਿਪ ਹੌਪ, ਗਿੱਧਾ, ਸਕਿੱਟ, ਲਾਈਵ ਡੀ. ਜੇ. ਅਤੇ ਅਤੇ ਹੋਰ ਮਨੋਰੰਜਨ ਦੇ ਪ੍ਰੋਗਰਾਮ ਹੋਣਗੇ।

**Sponsors**
Parmjit Raju, Satya Kaur
Manjit Kaur, Kamaljit Bhatia
Pramjit Kaur/ Spice of India
DJ by :- DJ Munna



**ਹੋਰ ਜਾਣਕਾਰੀ ਲਈ ਸੰਪਰਕ ਕਰੋ :**

**ਪਰਮਜੀਤ ਰਾਜੂ (925)-473-9417, ਕਸ਼ਮੀਰ ਕੌਰ (925)-329-9835**
**ਸੁਮਨ ਹੀਰ (925)-219-5991, ਰੂਬੀ ਰਾਜੂ (925)-550-1088**

# ਜੀ.ਐਚ.ਜੀ. ਅਕੈਡਮੀ ਵੱਲੋਂ ਗਿਆਰ੍ਹਵੇਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ 'ਤੇ ਲੱਗੀਆਂ ਰੌਣਕਾਂ








**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਗਿਆਰਵਾ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਡਾ. ਦਲਜਿੰਦਰ ਸਿੰਘ ਜੌਹਲ ਦੀ ਅਗਵਾਈ ਵਿੱਚ ਫਰਿਜ਼ਨੋ ਦੇ ਸੈਂਟਰਲ ਹਾਈ ਸਕੂਲ 'ਚ ਕਰਵਾਇਆ ਗਿਆ। ਇਸ ਤੋਂ ਪਹਿਲਾ ਅਕੈਡਮੀ ਵੱਲੋਂ ਦੋ ਹਫਤੇ ਦੇ ਕੈਂਪ ਵਿੱਚ 600 ਤੋਂ ਵਧੀਕ ਬੱਚਿਆ ਨੂੰ ਮੁਫਤ ਗਿੱਧੇ ਅਤੇ ਭੰਗੜੇ ਦੀ ਸਿਖਲਾਈ ਮਾਹਰ ਕੋਚਾਂ ਦੁਆਰਾਂ ਸਿਖਲਾਈ ਦਿੱਤੀ ਗਈ। ਜਿੱਥੇ ਬੱਚਿਆ ਨੇ ਦੋ ਹਫ਼ਤੇ ਘਰ ਦੀ ਚਾਰ ਦਿਵਾਰੀ ਅਤੇ ਵੀਡੀਉ ਗੇਮਾਂ ਵਰਗੇ ਇਲੈਕਟਰੋਨਿਕਸ ਰੁਝੇਵੇ 'ਚੋ ਬਾਹਰ ਨਿਕਲ ਆਪਣੇ ਸੱਭਿਆਚਾਰਕ ਗਿੱਧੇ ਅਤੇ ਭੰਗੜੇ ਨੂੰ ਸਿੱਖਿਆ, ਉੱਥੇ ਉਨ੍ਹਾਂ ਦੇ ਮਾਪਿਆ ਨੇ ਵੀ ਇਸ ਸੁਭ ਕਾਰਜ਼ ਲਈ ਭਾਰੀ ਉਤਸ਼ਾਹ ਦਿਖਾਇਆ।

ਕੈਂਪ ਦੇ ਆਖਰੀ ਦਿਨ ਆਪਣੇ ਇਸੇ ਸਿੱਖਿਅਤ ਬੱਚਿਆ ਦੀਆਂ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਸਟੇਜ਼ ਤੋਂ ਖ਼ੂਬਸੂਰਤ ਪ੍ਰਦਰਸ਼ਨ ਕੀਤਾ। ਇਸੇ ਦੌਰਾਨ ਅੰਤਰ-ਰਾਸ਼ਟਰੀ ਪੱਧਰ ਦੀਆ ਗਿੱਧੇ ਅਤੇ ਭੰਗੜੇ ਦੀਆ ਟੀਮਾਂ ਦੇ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਕਨੇਡਾ ਤੋਂ ਵੀ ਭੰਗੜੇ ਦੀਆ ਟੀਮਾ ਨੇ ਕਲਾ ਦੇ ਜੌਹਰ ਦਿਖਾਏ। ਤਰਨਜੀਤ ਕਲੇਰ ਦੁਆਰਾ ਤਿਆਰ 'ਮਾਵਾਂ ਦਾ ਗਿੱਧਾ' ਦੇ ਇਕ ਗਰੁੱਪ ਨੇ ਸ਼ਾਨਦਾਰ ਪੇਸ਼ਕਸ ਕੀਤੀ।

ਜਦ ਕਿ ਫਰਿਜ਼ਨੋ ਦੇ ਬਾਬਿਆਂ ਨੇ ਨੌਜਵਾਨਾਂ ਅਤੇ ਬੱਚਿਆ ਨਾਲ ਰਲ ਪਾਏ 'ਮਲਵਈ ਗਿੱਧੇ' ਨੇ ਸਟੇਜ਼ 'ਤੇ ਹਾਜ਼ਰੀਨ ਦਾ ਖੂਬ ਮੰਨੋਰੰਜਨ ਕੀਤਾ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਬੀਬੀ ਆਸ਼ਾ ਸ਼ਰਮਾ ਨੇ ਸ਼ਾਇਰਾਨਾ ਅੰਦਾਜ਼ ਵਿੱਚ ਬਾ-ਖ਼ੂਬੀ ਕੀਤਾ। ਜਦ ਕਿ ਗੁਰਦੀਪ ਸ਼ੇਰਗਿੱਲ ਅਤੇ ਜਸਪ੍ਰੀਤ ਸਿੱਧੂ ਨੇ ਬਤੌਰ ਸਹਾਇਕ ਉਨ੍ਹਾਂ ਦੀ ਸਮੇਂ-ਸਮੇਂ ਮਦਦ ਕੀਤੀ। ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਭ ਬੱਚਿਆ ਨੂੰ ਟਰਾਫੀਆ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆਂ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਅਫ਼ਗਾਨਿਸਤਾਨ ਨੂੰ ਮਿਟਾ ਕੇ 10 ਦਿਨ 'ਚ ਯੁੱਧ ਖ਼ਤਮ ਕਰ ਸਕਦੇ ਹਾਂ- ਟਰੰਪ

**ਵਾਸ਼ਿੰਗਟਨ–** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਇਕ ਹੋਰ ਬਿਆਨ ਨਾਲ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਟਰੰਪ ਨੇ ਕਿਹਾ ਕਿ ਜੇ ਉਹ ਚਾਹੁਣ ਤਾਂ ਅਫ਼ਗਾਨਿਸਤਾਨ ਨੂੰ 10 ਦਿਨਾਂ 'ਚ ਦੁਨੀਆ ਤੋਂ ਮਿਟਾ ਕੇ ਉੱਥੇ 19 ਸਾਲਾਂ ਤੋਂ ਚੱਲ ਰਹੇ ਯੁੱਧ ਨੂੰ ਖ਼ਤਮ ਕਰ ਸਕਦੇ ਹਨ ਪਰ ਉਹ ਇਕ ਕਰੋੜ ਲੋਕਾਂ ਨੂੰ ਮਾਰਨਾ ਨਹੀਂ ਚਾਹੁੰਦੇ, ਇਸ ਲਈ ਗੱਲਬਾਤ ਨਾਲ ਇਸ ਮਸਲੇ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਨ। ਟਰੰਪ ਦੀ ਟਿੱਪਣੀ 'ਤੇ ਸਖ਼ਤ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਅਫ਼ਗਾਨਿਸਤਾਨ ਨੇ ਅਮਰੀਕੀ ਸਰਕਾਰ ਤੋਂ ਸਪੱਸ਼ਟੀਕਰਨ ਮੰਗਿਆ ਹੈ। ਟਰੰਪ ਨੇ ਆਪਣੇ ਓਵਲ ਆਫਿਸ 'ਚ ਸੋਮਵਾਰ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨਾਲ ਗੱਲਬਾਤ 'ਚ ਇਹ ਟਿੱਪਣੀ ਕੀਤੀ। ਟਰੰਪ ਨੇ ਕਿਹਾ ਕਿ ਅਮਰੀਕਾ ਪਿਛਲੇ 19 ਸਾਲਾਂ ਤੋਂ ਅਫ਼ਗਾਨਿਸਤਾਨ 'ਚ ਇਕ ਪੁਲਿਸ ਦੀ ਭੂਮਿਕਾ ਨਿਭਾ ਰਿਹਾ ਹੈ ਫ਼ੌਜੀ ਦੀ ਨਹੀਂ। ਜੇ ਅਮਰੀਕਾ ਉੱਥੇ ਫ਼ੌਜੀ ਦੀ ਭੂਮਿਕਾ 'ਚ ਹੁੰਦਾ ਤਾਂ ਅਫ਼ਗਾਨਿਸਤਾਨ ਕਦੋਂ ਖ਼ਤਮ ਹੋ ਚੁੱਕਾ ਹੁੰਦਾ। ਟਰੰਪ ਨੇ ਕਿਹਾ ਕਿ ਅਮਰੀਕਾ ਅਫ਼ਗਾਨਿਸਤਾਨ ਵਿਚੋਂ ਨਿਕਲਣਾ ਚਾਹੁੰਦਾ ਹੈ। ਇਸ ਲਈ ਉੱਥੇ ਯੁੱਧ ਖ਼ਤਮ ਕਰਨ ਲਈ ਸਿਆਸੀ ਹੱਲ ਲਈ



ਤਾਲਿਬਾਨ ਸਮੇਤ ਵੱਖ-ਵੱਖ ਧਿਰਾਂ ਨਾਲ ਗੱਲਬਾਤ ਕਰ ਰਿਹਾ ਹੈ। ਅਮਰੀਕਾ ਤੇ ਤਾਲਿਬਾਨ ਵਿਚਕਾਰ ਅੱਠਵੇਂ ਦੌਰ ਦੀ ਗੱਲਬਾਤ ਕਤਰ ਦੇ ਦੋਹਾ ਵਿਚ ਹੋਣ ਵਾਲੀ ਹੈ, ਜਿਸ ਲਈ ਟਰੰਪ ਦੇ ਨੁਮਾਇੰਦੇ ਖਲੀਲਜ਼ਾਦ ਮੰਗਲਵਾਰ ਨੂੰ ਕਾਬੁਲ ਪੁੱਜੇ।

ਖ਼ਾਨ ਨਾਲ ਗੱਲਬਾਤ 'ਚ ਅਮਰੀਕੀ ਰਾਸ਼ਟਰਪਤੀ ਨੇ ਉਮੀਦ ਪ੍ਰਗਟਾਈ ਕਿ ਅਫ਼ਗਾਨਿਸਤਾਨ 'ਚ ਯੁੱਧ ਖ਼ਤਮ ਕਰਨ ਅਤੇ ਉੱਥੇ ਸ਼ਾਂਤੀ ਬਹਾਲੀ 'ਚ ਪਾਕਿਸਤਾਨ ਅਹਿਮ ਭੂਮਿਕਾ ਨਿਭਾਏਗਾ। ਟਰੰਪ ਦੇ ਬਿਆਨ 'ਤੇ ਸਖ਼ਤ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗਨੀ ਨੇ ਮੰਗਲਵਾਰ ਨੂੰ ਕਿਹਾ ਕਿ ਅਮਰੀਕਾ ਨਾਲ ਉਨ੍ਹਾਂ ਦੇ ਦੇਸ਼ ਦੇ ਬਹੁਪੱਖੀ ਸਬੰਧ ਹਨ। ਇਸ ਨੂੰ ਦੇਖਦਿਆਂ ਅਮਰੀਕਾ ਨੂੰ ਟਰੰਪ ਦੇ ਬਿਆਨ 'ਤੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਰਾਸ਼ਟਰਪਤੀ ਗਨੀ ਦੇ ਦਫ਼ਤਰ ਤੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਅਫ਼ਗਾਨ ਸਰਕਾਰ ਦੇਸ਼ 'ਚ ਸ਼ਾਂਤੀ ਬਹਾਲੀ ਦੀ ਪ੍ਰਕਿਰਿਆ 'ਚ ਅਮਰੀਕਾ ਦੇ ਯਤਨਾਂ ਦਾ ਸਮਰਥਨ ਕਰਦੀ ਹੈ। ਪਰ ਇਹ ਵੀ ਸਾਫ਼ ਕਰਦੀ ਹੈ ਕਿ ਅਫ਼ਗਾਨ ਸਰਕਾਰ ਨੂੰ ਦਰਕਿਨਾਰ ਕਰਕੇ ਕੋਈ ਵਿਦੇਸ਼ੀ ਰਾਸ਼ਟਰ ਮੁਖੀ ਅਫ਼ਗਾਨਿਸਤਾਨ ਦੇ ਲੋਕਾਂ ਦੀ ਕਿਸਮਤ ਦਾ ਫ਼ੈਸਲਾ ਨਹੀਂ ਕਰ ਸਕਦਾ।

# ਪੰਜਾਬ ਬਹੁਜਨ ਸਮਾਜ ਪਾਰਟੀ ਦੀ ਮਹੀਨਾਵਾਰ ਸਮੀਖਿਆ ਮੀਟਿੰਗ







**ਜਲੰਧਰ (ਤਰਸੇਮ ਜਲੰਧਰੀ) –**ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮ ਅਨੁਸਾਰ ਸੂਬਾ ਅਤੇ ਮੁੱਖ ਜੋਨ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ। ਪੰਜਾਬ ਇੰਚਾਰਜ ਸ਼੍ਰੀ ਰਾਜਾ ਰਾਮ ਸਾਂਸਦ ਅਤੇ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਣੀਵਾਲ ਜੀ ਮੁੱਖ ਮਹਿਮਾਨ ਜੀ ਦੇ ਤੌਰ ਤੇ ਸ਼ਾਮਿਲ ਹੋਏ, ਜਿਹਨਾਂ ਦੀ ਦੇਖ ਰੇਖ ਵਿੱਚ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਨੇ ਕੀਤੀ। ਮੰਚ ਸੰਚਾਲਨ ਸੂਬਾ ਜਨਰਲ ਸਕੱਤਰ ਸ੍ਰੀ ਨਛੱਤਰ ਪਾਲ ਜੀ ਨੇ ਕੀਤੀ। ਪੂਰੇ ਪੰਜਾਬ ਤੋਂ ਬਸਪਾ ਲੀਡਰਸ਼ਿਪ ਹਾਜ਼ਿਰ ਸੀ। ਬਸਪਾ ਅਤੇ ਭੈਣ ਕੁਮਾਰੀ ਮਾਇਆਵਤੀ ਜੀ ਜਿੰਦਾਬਾਦ ਦੇ ਨਾਹਰਿਆਂ ਨਾਲ ਤਿੰਨ ਘੰਟੇ ਲਗਾਤਾਰ ਮੀਟਿੰਗ ਗੂੰਜਦੀ ਰਹੀ।

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 13 ਅਕਤੂਬਰ ਨੂੰ

**ਯੂਬਾ ਸਿਟੀ–** ਬੀਤੇ ਐਤਵਾਰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਦੀ ਪ੍ਰਧਾਨਗੀ ਹੇਠ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹੋਈ, ਜਿਸ ਵਿਚ ਵਿਸ਼ਾਲ ਸ਼ਰਬਤੀ, ਦੀਪਕ ਥਾਪਰ, ਬਲਵੀਰ ਖਾਪਰ ਸੈਕਰਾਮੈਂਟੋ, ਸੰਤੋਖ ਸਿੰਘ ਗਿੱਲ, ਕੁੰਦਨ ਲਾਲ ਸੌਂਧੀ, ਜੋਗਿੰਦਰ ਸਿੰਘ ਸ਼ੌਂਕੀ, ਬਲਵੀਰ ਧਾਰੀਵਾਲ (ਸੋਨੀ) ਸੈਕਰਾਮੈਂਟੋ ਤੇ ਬਹੁਤ ਸਾਰੀਆਂ ਬੀਬੀਆਂ ਨੇ ਵੀ ਭਾਗ ਲਿਆ। ਲੰਮੇ ਵਿਚਾਰ ਵਟਾਂਦਰੇ ਤੋਂ ਬਾਅਦ ਸਰਵ-ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ 11 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਵਾਲਮੀਕ ਰਮਾਇਣ ਸਾਹਿਬ ਦੇ ਪਾਠ ਆਰੰਭ ਕੀਤੇ ਜਾਣਗੇ। 12 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ ਤੇ 13 ਅਕਤੂਬਰ ਦਿਨ ਐਤਵਾਰ ਨੂੰ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣਗੇ ਤੇ ਭੋਗ ਉਪਰੰਤ ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਦੇ ਕਲਾਕਾਰ ਤੇ ਹੋਰ ਮੰਨੇ-ਪ੍ਰਮੰਨੇ ਕਲਾਕਾਰ ਵੀ ਗੁਰੂ ਸਾਹਿਬ ਦੀ ਮਹਿਮਾ ਗਾਉਣਗੇ। ਕਥਾਵਾਚਕ ਤੇ ਬੁਲਾਰੇ ਆਪਣੇ-ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ। ਤਿੰਨੇ ਦਿਨ ਲੰਗਰ ਅਤੁੱਟ ਵਰਤਣਗੇ। ਪ੍ਰੋਗਰਮਾਂ ਦੌਰਾਨ ਜੋ ਸੇਵਾਦਾਰ ਕਿਸੇ ਤਰ੍ਹਾਂ ਦੀ ਸੇਵਾ ਲੈਣਾ ਚਾਹੁੰਦਾ ਹੋਵੇ ਤਾਂ ਪ੍ਰਧਾਨ ਪ੍ਰੇਮ ਸੌਂਧੀ ਨਾਲ 530-813-3877 'ਤੇ ਸੰਪਰਕ ਕਰ ਸਕਦੇ ਹਨ। ਅਦਾਰਾ 'ਦੇਸ਼ ਦੁਆਬਾ' ਨੂੰ ਇਹ ਜਾਣਕਾਰੀ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।



# ਉੱਘੇ ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ ਕਿਰਤਾਂ ਦੀ ਨੁਮਾਇਸ਼ ਨੂੰ ਫਰਜਿਨੋ ਤੇ ਫਰੀਮੌਂਟ ਵਿੱਚ ਭਰਵਾਂ ਹੁੰਗਾਰਾ

**ਫਰਜਿਨੋ, ਕੈਲੀਫੋਰਨੀਆ( ਹੁਸਨ ਲੜੋਆ ਬੰਗਾ)–** ਪੰਜਾਬੀ ਕਲਚਰਲ ਸੈਂਟਰ ਯੂਐਸੇ ਏਫਰੈਜ਼ਨੋ ਏਫਰੈਜ਼ਨੋ ਵਿਖੇ ਲਾਈ ਇਸ ਪੰਜ ਰੋਜ਼ਾ ਨੁਮਾਇਸ਼ ਦਾ 13 ਜੁਲਾਈ ਨੂੰ ਉੱਘੇ ਪੱਤਰਕਾਰ ਬਲਤੇਜ ਪੰਨੂ ਵਲੋਂ ਉਟਘਾਟਨ ਕਰਨ ਮੌਕੇ ਪੰਜਾਬੀ ਕਲਚਰਲ ਸੈਂਟਰ ਯੂ ਐਸੇ ਏ ਫਰੈਜ਼ਨੋਂ ਦਾ ਮੁੱਖ ਹਾਲ ਖਚਾਖਚ ਭਰਿਆ ਹੋਇਆ ਸੀ। ਪੰਜਾਬੀ ਕਲਚਰਲ ਸੈਂਟਰ ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਜਰਨੈਲ ਸਿੰਘ ਆਰਟਿਸਟ ਦੀ ਸਿੱਖ ਤੇ ਪੰਜਾਬੀ ਚਿੱਤਰਕਲਾ ਖੇਤਰ ਨੂੰ ਬਹੁਮੁੱਲੀ ਦੇਣ ਦਾ ਜ਼ਿਕਰ ਕਰਦਿਆਂ ਪਰਿਵਾਰ ਸਮੇਤ ਫਰੈਜ਼ਨੋਂ ਪੁਜਣ ਉੱਤੇ ਸਵਾਗਤ ਕੀਤਾ।



ਵਿਖੇ ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਦੇ ਚਿਤੇਰੇ ਉੱਘੇ ਚਿੱਤਰਕਾਰ ਜਰਨੈਲ ਸਿੰਘ ਦੀਆਂ ਕਲਾ ਕਿਰਤਾਂ ਦੀ ਨੁਮਾਇਸ਼ ਅਤੇ ਆਰਟ ਕੈਂਪ ਬਹੁਤ ਹੀ ਸਫ਼ਲਤਾਪੂਰਬਕ ਸਮਾਪਤ ਹੋਏ। ਫਰੈਜ਼ਨੋਂ ਨੇੜ੍ਹਲੇ ਇਲਾਕੇ ਤੋਂ ਇਲਾਵਾ ਦੂਰ ਦੁਰਾਡੇ ਸ਼ਹਿਰਾਂ ਤੋਂ ਪੰਜਾਬੀ ਕਲਾ ਉਪਾਸ਼ਕਾਂ ਨੇ ਇੱਥੇ ਪੁੱਜ ਕੇ ਕਲਾਕਾਰਾਂ ਅਤੇ ਪ੍ਰਬੰਧਕਾਂ ਦੇ ਵਿਲੱਖਣ ਉੱਦਮ ਦੀ ਦਾਦ ਦਿੱਤੀ। ਇਸਦੇ ਨਾਲ ਹੀ ਆਰਟ ਕੈਂਪ 'ਚ ਬੱਚਿਆਂ ਨੇ ਖ਼ੂਬਸੂਰਤ ਚਿੱਤਰ ਸਿਰਜੇ।

ਉੱਤਰੀ ਅਮਰੀਕਾ ਵਿੱਚ ਪਹਿਲੀ ਵਾਰ ਕਿਸੇ ਸਿੱਖ ਕਲਾਕਾਰ ਦੇ ਚਿੱਤਰਾਂ ਦੀ ਇੰਨੀ ਵੱਡੀ ਪੱਧਰ ਉੱਤੇ ਲਾਈ ਗਈ ਨੁਮਾਇਸ਼ ਨੂੰ ਵੇਖਣ ਲਈ ਹਰ ਰੋਜ਼ ਸਵੇਰੇ ਤੋਂ ਸ਼ਾਮ ਤੱਕ ਲੋਕ ਵੱਡੀ ਪੱਧਰ ਉੱਤੇ ਪੁੱਜੇ ਜਿਨ੍ਹਾਂ ਵਿੱਚ ਬਜ਼ੁਰਗ ਔਰਤਾਂ, ਹਰ ਉਮਰ ਦੇ ਪੰਜਾਬੀ, ਬੀਬੀਆਂ, ਨੌਜਵਾਨ, ਬੱਚੇ ਅਤੇ ਹੋਰਨਾਂ ਭਾਈਚਾਰਿਆਂ ਦੇ ਲੋਕ ਸ਼ਾਮਲ ਸਨ।

ਪੰਜਾਬੀ ਕਲਚਰਲ ਸੈਂਟਰ ਯੂਐਸੇ ਫਰੈਜ਼ਨੋਂ ਇਲਾਕੇ ਵਿੱਚ ਪਹਿਲੀ ਵਾਰ ਲਾਈ ਅਪਣੀ ਕਿਸਮ ਦੀ ਇਸ 5 ਰੋਜ਼ਾ ਨੁਮਾਇਸ਼ ਵਿੱਚ ਜਰਨੈਲ ਸਿੰਘ ਦੇ ਸ਼ਾਹਕਾਰ ਚਿੱਤਰ ਸ਼ਾਮਲ ਸਨ। ਬਹੁਤ ਸਾਰੀਆਂ ਪੇਟਿੰਗਜ਼ ਅਤੇ ਉਨ੍ਹਾਂ ਦੇ ਰੀਪ੍ਰਿੰਟ ਖਰੀਦਣ ਲਈ ਕਲਾ ਉਪਾਸ਼ਕਾਂ ਨੇ ਕਾਫ਼ੀ ਉਤਸ਼ਾਹ ਵਿਖਾਇਆ। ਇਸ ਦੌਰਾਨ ਲਾਏ 4 ਰੋਜ਼ਾ ਪੰਜਾਬੀ ਆਰਟ ਕੈਂਪ ਵਿੱਚ ਜਰਨੈਲ ਆਰਟਸ ਸਰੀ, ਕਨੇਡਾ ਦੀਆਂ ਕਲਾ ਅਧਿਆਪਕ ਬਲਜੀਤ ਕੌਰ ਅਤੇ ਨੀਤੀ ਸਿੰਘ ਬੱਚਿਆਂ ਨੂੰ ਚਿੱਤਰਕਾਰੀ ਦੇ ਵੱਖ ਵੱਖ ਪਹਿਲੂਆਂ ਬਾਰੇ ਸਿਖਿਆ ਦਿੱਤੀ। 13 ਜੁਲਾਈ ਐਤਵਾਰ ਤੋਂ ਸ਼ੁਰੂ ਹੋਏ ਇਸ ਆਰਟ ਕੈਂਪ 'ਚ ਫਰੈਜ਼ਨੋਂ ਤੇ ਕਲੋਵਿਸ ਤੋਂ ਇਲਾਵਾ ਮਡੈਸਟੋ, ਮਡੇਰਾ, ਟੂਲਾਰੇ ਇੱਥੋਂ ਤੱਕ ਕਿ ਸਟਾਕਟਨ ਤੋਂ ਆਏ 20 ਤੋਂ ਵੱਧ ਬੱਚਿਆਂ ਨੇ ਭਾਗ ਲਿਆ। ਸਾਰੇ ਦਿਨ ਬੱਚਿਆਂ ਦੇ ਮਾਪੇ ਵੀ ਪੰਜਾਬੀ ਕਲਚਰਲ ਸੈਂਟਰ ਦੀ ਰੌਣਕ ਬਣਦੇ ਰਹੇ।

ਬੁੱਧਵਾਰ 17 ਜੁਲਾਈ ਨੂੰ ਕੈਂਪ ਦੇ ਸਮਾਪਤੀ ਸਮਾਰੋਹ ਮੌਕੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਵਜੋਂ ਖ਼ੂਬਸੂਰਤ ਕੱਪ ਵੀ ਦਿੱਤੇ ਗਏ ਜਿਨ੍ਹਾਂ ਉੱਤੇ ਹਰ ਬੱਚੇ ਦੀ ਤਸਵੀਰ ਉੱਕਰੀ ਹੋਈ ਸੀ। ਸਰਟੀਫਿਕੇਟ ਤੇ ਕੱਪ ਵੰਡਣ ਦੀ ਜੁੰਮੇਵਾਰੀ ਜਰਨੈਲ ਸਿੰਘ ਆਰਟਿਸਟ, ਬਲਵਿੰਦਰ ਕੌਰ ਖਾਲਸਾ ਅਤੇ ਦਲਜੀਤ ਸਿੰਘ ਸਰਾਂ ਵਲੋਂ ਸਾਂਝੇ ਤੌਰ ਉੱਤੇ ਨਿਭਾਈ ਗਈ। ਆਰਟ ਕੈਂਪ ਲਈ ਵਾਲੰਟੀਅਰਾਂ ਵਜੋਂ ਦਿਨ ਰਾਤ ਅਣਥੱਕ ਕੰਮ ਕਰਨ ਬਦਲੇ ਜਸਕਰਨ ਕੌਰ, ਅਮਨਜੋਤ ਕੌਰ ਅਤੇ ਦਿਲਪ੍ਰੀਤ ਸਿੰਘ ਖਾਲਸਾ ਨੂੰ ਪ੍ਰਸੰਸਾਪੱਤਰ ਦਿੱਤੇ ਗਏ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮੇਲਾ ਗਦਰੀ ਬਾਬਿਆਂ ਦਾ ਜਲ੍ਹਿਆਂ ਵਾਲੇ ਬਾਗ ਦੀ ਸ਼ਤਾਬਦੀ ਨੂੰ ਸਮਰਪਿਤ

ਸਮਾਂ ਆਵਸੀ ਅੱਖੀਆਂ ਵੇਖ ਲੈਸਨ,
ਭਾਰਤ ਇਨ੍ਹਾਂ ਨੂੰ ਕਰੂ ਪ੍ਰਵਾਨ ਕਿਉਂ ਨਾ।

ਭਾਰਤ ਦੀ ਆਜ਼ਾਦੀ ਦਾ ਇਤਿਹਾਸ ਗਦਰ ਪਾਰਟੀ ਦੇ ਸੂਰਬੀਰਾਂ ਨੇ ਆਪਣੇ ਖ਼ੂਨ ਨਾਲ ਲਿਖਿਆ। ਆਜ਼ਾਦੀ ਆਈ ਅਤੇ ਉਹਨਾਂ ਦੀ ਕੁਰਬਾਨੀਆਂ ਨੂੰ ਭੁਲਾ ਵਿਸਾਰ ਦਿੱਤਾ ਗਿਆ। ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਬਨ ਨੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਉਜਾਗਰ ਕਰਨ ਲਈ ਅਤੇ ਉਹਨਾ ਦੇ ਸ਼ਾਨਾਮੱਤੇ ਇਤਿਹਾਸ ਸਾਂਭਣ ਦਾ ਉਪਰਾਲਾ ਕੀਤਾ। ਅਮਰੀਕਾ ਦੀ ਧਰਤੀ ’ਤੇ ਮੇਲੇ ਮਨਾਉਣ ਦੀ ਪਿਰਤ ਪਾਈ।

ਇਸ ਸਾਲ ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਨੂੰ ਸੌ ਸਾਲ ਹੋ ਗਏ ਹਨ। ਇਹ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੀ ਸ਼ਤਾਬਦੀ ਦਾ ਵਰ੍ਹਾ ਹੈ। ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਨੇ (ਯੂਗਾਂਤਰ ਆਸ਼ਰਮ) ਗਦਰ ਮੈਮੋਰੀਅਲ ਵਿਚ ਸੈਮੀਨਾਰ ਕਰਵਾ ਕੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਸੀ ਅਤੇ



ਫਾਈਲ ਚਿੱਤਰ

ਇਸ ਸਾਲ ਸੈਕਰਾਮੈਂਟੋ ਵਿਚ ਹਰ ਸਾਲ ਦੀ ਤਰ੍ਹਾਂ ਮੇਲਾ ਕਰਵਾਇਆ ਜਾ ਰਿਹਾ ਹੈ, ਜੋ ਸਤੰਬਰ ਦੇ ਪਹਿਲੇ ਹਫਤੇ ਹੋਵੇਗਾ।

ਇਹ ਮੇਲਾ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਕਾਂਡ ਨੂੰ ਸਮਰਪਿਤ ਹੋਵੇਗਾ। 13 ਅਪ੍ਰੈਲ 1919 ਨੂੰ ਬਰਤਾਨਵੀ ਸਰਕਾਰ ਦੇ ਵਹਿਸ਼ੀ ਬੁੱਚੜ ਜਨਰਲ ਡਾਇਰ ਵੱਲੋਂ ਰੋਲਟ ਐਕਟ ਦੇ ਖਿਲਾਫ ਸ਼ਾਂਤਮਈ ਰੋਸ ਪ੍ਰਗਟ ਕਰਦੇ ਲੋਕਾਂ ’ਤੇ ਮੌਤ ਦਾ ਤਾਂਡਵ ਨਾਚ ਨਚਾਇਆ ਗਿਆ। ਸੈਂਕੜੇ ਔਰਤਾਂ, ਬੱਚੇ ਅਤੇ ਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਕੈਨੇਡਾ ਦੀ ਸਰਕਾਰ ਨੇ ਲੰਮੇ ਸਮੇਂ ਬਾਅਦ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨਾਲ ਕੀਤੇ ਦੁਰਵਿਹਾਰ ਦੀ ਮਾਫੀ ਮੰਗ ਲਈ ਹੈ। ਪਰ ਹਾਲੇ ਤੱਕ ਭਾਰਤ ਸਰਕਾਰ ਕਦੇ ਵੀ ਇਸ ਘਿਨਾਉਣੇ ਜ਼ੁਰਮ ਦੀ ਮੁਆਫੀ ਮੰਗਣ ਲਈ ਬਰਤਾਨਵੀ ਸਰਕਾਰ ’ਤੇ ਜ਼ੋਰ ਨਹੀਂ ਪਾਇਆ। ਇੰਡੋ ਅਮਰੀਕਨ ਕਲਚਰਲ ਆਰਗੇਨਾਈ-ਜੇਸ਼ਨ ਵੱਲੋਂ ਮੇਲੇ ਵਿਚ ਪੂਰੇ ਜ਼ੋਰ-ਸ਼ੋਰ ਨਾਲ ਬਰਤਾਨਵੀ ਸਰਕਾਰ ਤੋਂ ਮੁਆਫੀ ਮੰਗਵਾਉਣ ਲਈ ਆਵਾਜ਼ ਬੁਲੰਦ ਕੀਤੀ ਜਾਵੇਗੀ। ਇਹ ਜਾਣਕਾਰੀ ਗਿਆਨ ਸਿੰਘ ਬਿਲਗਾ ਅਤੇ ਸੁਰਿੰਦਰ ਸਿੰਘ ਬਿੰਦਰਾ ਪ੍ਰਧਾਨ ਨੇ ਦਿੱਤੀ।

# ਸ਼ਹੀਦ ਭਾਈ ਮਨੀ ਸਿੰਘ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਫਰੀਮਾਂਟ (ਬਿਊਰੋ)–** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ 300 ਗੁਰਦੁਆਰਾ ਰੋਡ, ਫਰੀਮਾਂਟ ਵਿਖੇ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਨਿੱਘੀ ਮਿੱਠੀ ਯਾਦ ਵਿਚ ਸਜੇ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਸ਼ਹੀਦੀ ਜੀਵਨ ’ਤੇ ਰੌਸ਼ਨੀ ਪਾਈ ਗਈ। ਇਸ ਧਾਰਮਿਕ ਕਵੀ ਦਰਬਾਰ ਵਿਚ ਠਾਕੁਰ ਸਿੰਘ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਸ਼ਹੀਦੀਆਂ ਦੇ ਬੀਰ ਰਸ ’ਤੇ ਕਵਿਤਾਵਾਂ ਕਹਿ ਕੇ ਸੰਗਤਾਂ ਨੂੰ ਨਿਹਾਲ ਕੀਤਾ।

# ਅਸਫਲਤਾ ਲੁਕੋਣ ਦੇ ਲਈ ਲਗਾਈ ਧਾਰਾ 144- ਮਾਇਆਵਤੀ

**ਲਖਨਊ–** ਸੋਨਭੱਦਰ ਵਿਚ ਜ਼ਮੀਨ ਦੇ ਵਿਵਾਦ ਵਿਚ ਮਾਰੇ ਗਏ ਆਦਿਵਾਸੀਆਂ ਦੀ ਘਟਨਾ ’ਤੇ ਬਸਪਾ ਸੁਪਰੀਮੋ ਮਾਇਆਵਤੀ



ਨੇ ਯੂ. ਪੀ. ਦੀ ਭਾਜਪਾ ਸਰਕਾਰ ’ਤੇ ਹਮਲਾ ਬੋਲਿਆ ਹੈ। ਉਹਨਾਂ ਕਿਹਾ ਕਿ ਇਸ ਘਟਨਾ ਤੋਂ ਇਹ ਸਾਬਤ ਹੋ ਚੁੱਕਾ ਹੈ ਕਿ ਕਾਨੂੰਨ ਵਿਵਸਥਾ ਦੇ ਮੋਰਚੇ ’ਤੇ ਯੂ. ਪੀ. ਸਰਕਾਰ ਪੂਰੀ ਤਰ੍ਹਾਂ ਅਸਫਲ ਸਾਬਤ ਹੋ ਚੁੱਕੀ ਹੈ। ਉਹਨਾਂ ਨੇ ਕਤਲੇਆਮਦੇ ਲਈ ਸਰਕਾਰ ਦੀ ਲਾਪਰਵਾਹੀ ਨੂੰ ਜ਼ਿੰਮੇਵਾਰ ਠਹਿਰਾਇਆ। ਉਹਨਾਂ ਕਿਹਾ ਕਿ ਯੂ. ਪੀ. ਸਰਕਾਰ ਜਨਤਾ ਦੀ ਸੁਰੱਖਿਆ ਵਿਚ ਆਪਣੀ ਅਸਫਲਤਾ ਨੂੰ ਲੁਕੋਣ ਦੇ ਲਈ ਧਾਰਾ 144 ਦਾ ਸਹਾਰਾ ਲੈ ਕੇ ਕਿਸੇ ਨੂੰ ਸੋਨਭੱਦਰ ਨਹੀਂ ਜਾਣ ਦੇ ਰਹੀ ਹੈ, ਫਿਰ ਵੀ ਉਚਿਤ ਵਕਤ ’ਤੇ ਉਥੇ ਜਾ ਕੇ ਪੀੜਤਾਂ ਦੀ ਮਦਦ ਕਰਨ ਦਾ ਬਸਪਾ ਵਿਧਾਨ ਮੰਡਲ ਨੂੰ ਨਿਰਦੇਸ਼ ਦਿੱਤਾ ਗਿਆ ਹੈ। ਉਥੇ ਹੀ ਪ੍ਰਿਅੰਕਾ ਗਾਂਧੀ ਦੇ ਸੋਨਭੱਦਰ ਜਾਣ ’ਤੇ ਮਾਇਆਵਤੀ ਨੇ ਕਿਹਾਕਿ ਦੇਸ਼ ਵਿਚ ਹਰ ਰੋਜ਼ ਆਦਿਵਾਸੀ ਸਮਾਜ ’ਤੇ ਹੋ ਰਹੇ ਅੱਤਿਆਚਾਰ ਦੇ ਲਈ ਕੇਂਦਰ ਵਿਚ ਰਹੀ ਕਾਂਗਰਸ ਅਤੇ ਹੁਣ ਭਾਜਪਾ ਸਰਕਾਰ ਬਰਾਬਰ ਦੀਆਂ ਜ਼ਿੰਮੇਵਾਰ ਹਨ। ਜੋ ਵੀ ਪਾਰਟੀ ਸੱਤਾ ਤੋਂ ਬਾਹਰ ਰਹਿੰਦੀ ਹੈ, ਉਹ ਇਹਨਾਂ ਦਾ ਸ਼ੋਸ਼ਣ ਹੋਣ ਤੇ ਘੜਿਆਲੀ ਅੱਥਰੂ ਵਹਾਉਂਦੀ ਹੈ। ਵਰਣਨਯੋਗ ਹੈ ਕਿ ਕਾਂਗਰਸ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਸੋਨਭੱਦਰ ਕਾਂਡ ਵਿਚ ਪੀੜਤ ਆਦਿਵਾਸੀ ਪਰਿਵਾਰਾਂ ਨੂੰ ਮਿਲਣ ਲਈ ਸ਼ੁੱਕਰਵਾਰ ਸ਼ਾਮ ਪਹੁੰਚੀ ਪਰ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ ਨੇ ਜਮਾਨਤ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਜਦੋਂ ਤੱਕ ਮੈਨੂੰ ਆਦਿਵਾਸੀਆਂ ਦੇ ਪਰਿਵਾਰ ਨਾਲ ਮਿਲਣ ਨਹੀਂ ਦਿੱਤਾ ਜਾਵੇਗਾ, ਮੈਂ ਵਾਪਸ ਨਹੀਂ ਜਾਵਾਂਗੀ।

**ਸੋਨਭੱਦਰ ਵਿਚ ਆਪਣੇ ਪਾਪ ਲੁਕੋਣਾ ਚਾਹੁੰਦੀ ਹੈ ਭਾਜਪਾ– ਅਖਿਲੇਸ਼**

ਸਪਾ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਸੋਨਭੱਦਰ ਦੀ ਗ੍ਰਾਮ ਸਭਾ ਮੂਰਤੀਆ (ਉਮਾ) ਵਿਚ ਹੋਏ ਕਤਲੇਆਮ ਦੀ ਜਾਂਚ ਦੇ ਲਈ ਗ੍ਰਾਮ ਪ੍ਰਧਾਨ ਅਤੇ ਉਹਨਾਂ ਦੇ ਸਾਥੀਆਂ ਤੇ ਦੋਸ਼ ਲਗਾਇਆ। ਉਹਨਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅੱਖਾਂ ਬੰਦ ਕਰੀ ਬੈਠਾ ਸੀ। ਤਹਿਸੀਲ, ਥਾਣਾ ਪੱਧਰ ਤੇ ਉਹ ਨਾਅਰੇਬਾਜ਼ੀ ਕਰਨ ਲੱਗੇ। ਜਾਂਚ ਦਲ ਵਿਚ ਮਿਰਜ਼ਾਪੁਰ ਦੇ ਸਾਬਕਾ ਵਿਧਾਇਕ ਜਗਦੰਬਾ ਸਿੰਘ ਪਟੇਲ, ਸੋਨਭੱਦਰ ਦੇ ਸਾਬਕਾ ਵਿਧਾਇਕ ਰਮੇਸ਼ ਚੰਦਰ ਦੂਬੇ ਅਤੇ ਅਵਿਨਾਸ਼ ਕੁਸ਼ਵਾਹਾ ਭਦੋਲੀ ਦੇ ਸਾਬਕਾ ਵਿਧਾਇਕ ਜਾਹਿਦ ਬੇਗ, ਚੰਦੌਲੀ ਦੇ ਸਪਾ ਜ਼ਿਲ੍ਹਾ ਪ੍ਰਧਾਨ ਸੰਤ ਨਰਾਇਣ ਰਾਜਭਰ ਨੂੰ ਲਗਾਇਆ ਗਿਆ ਹੈ। ਇਹਨਾਂ ਤੋਂ ਇਲਾਵਾ ਸਾਬਕਾ ਸਾਂਸਦ ਭਾਈ ਲਾਲ



ਕੋਲ, ਸਾਬਕਾ ਮੰਤਰੀ ਸੁਰਿੰਦਰ ਪਟੇਲ ਵੀ ਇਸ ਘਟਨਾ ਦੀ ਜਾਂਚ ਕਰ ਰਹੇ ਹਨ।




ਦੇਸ਼ ਦੁਆਬਾ

# ਮਿਸ਼ਨ ਚੰਦਰਮਾ

ਧਰਤੀ ਤੋਂ 3.84 ਲੱਖ ਕਿਲੋਮੀਟਰ ਦੂਰ ਚੰਦਰਮਾ ਦੀ ਸਤ੍ਹਾ ਵੱਲ ਭਾਰਤ ਦਾ ਝੰਡਾ ਤਿਰੰਗਾ ਜਾ ਰਿਹਾ ਹੈ। ਜੇ ਸਭ ਕੁਝ ਠੀਕ-ਠਾਕ ਰਿਹਾ ਤਾਂ 7 ਸਤੰਬਰ ਨੂੰ ਚੰਦਰਮਾ 'ਤੇ ਭਾਰਤੀ ਤਿਰੰਗਾ ਪਹੁੰਚ ਜਾਵੇਗਾ, ਜੋ 130 ਕਰੋੜ ਭਾਰਤੀਆਂ ਲਈ ਸਭ ਵੱਡੀ ਖ਼ੁਸ਼ੀ ਵਾਲੀ ਗੱਲ ਹੋਵੇਗੀ। ਸ੍ਰੀਹਰੀਕੋਟਾ (ਆਂਧਰ ਪ੍ਰਦੇਸ਼) ਦੇ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਬਾਅਦ ਦੁਪਹਿਰ 2.43 ਵਜੇ ਇਸਰੋ ਨੇ ਚੰਦਰਯਾਨ-2 ਦੀ ਸਫ਼ਲਤਾਪੂਰਵਕ ਲਾਂਚਿੰਗ ਕਰਦੇ ਹੋਏ ਸਿਰਫ਼ 17 ਮਿੰਟ ਵਿਚ ਇਸ ਨੂੰ ਧਰਤੀ ਦੇ ਪੰਧ ਵਿਚ ਸਥਾਪਿਤ ਕਰ ਦਿੱਤਾ। ਇਸ ਦੇ ਨਾਲ ਹੀ ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ (ਇਸਰੋ) ਦੇ ਖਾਤੇ ਵਿਚ ਸੋਮਵਾਰ ਨੂੰ ਇਕ ਹੋਰ ਪ੍ਰਾਪਤੀ ਜੁੜ ਗਈ ਹੈ। ਇਸ ਤੋਂ ਪਹਿਲਾਂ ਭਾਰਤ ਨੇ 2008 ਵਿਚ ਚੰਦਰਯਾਨ-1 ਲਾਂਚ ਕੀਤਾ ਸੀ। ਚੰਦਰਯਾਨ-1 ਦੀ ਉਸ ਵੇਲੇ ਵੱਡੀ ਪ੍ਰਾਪਤੀ ਚੰਦ 'ਤੇ ਪਾਣੀ ਦੇ ਅਣੂ ਦੀ ਖੋਜ ਕਰਨਾ ਸੀ। ਪਹਿਲਾਂ ਇਹ ਮਿਸ਼ਨ 15 ਜੁਲਾਈ ਨੂੰ ਦਾਗਿਆ ਜਾਣਾ ਸੀ ਪਰ ਕੁਝ ਤਕਨੀਕੀ ਕਾਰਨਾਂ ਕਾਰਨ ਇਸ ਨੂੰ ਮੁਲਤਵੀ ਕਰਨਾ ਪਿਆ ਸੀ। ਭਾਰਤੀ ਵਿਗਿਆਨੀਆਂ ਦੀ ਇਸ ਪ੍ਰਾਪਤੀ 'ਤੇ ਰਾਸ਼ਟਰਪਤੀ ਰਾਮਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਪੂਰੇ ਮੁਲਕ 'ਚੋਂ ਵਧਾਈਆਂ ਆ ਰਹੀਆਂ ਹਨ। ਭਾਰਤ ਨੇ ਚੰਦ 'ਤੇ ਉਸ ਵੇਲੇ ਆਪਣਾ ਮਿਸ਼ਨ ਭੇਜਿਆ ਹੈ ਜਦੋਂ ਅਪੋਲੋ 11 ਮਿਸ਼ਨ ਦੀ 50ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਉਦੋਂ ਅਮਰੀਕੀ ਪੁਲਾੜ ਯਾਤਰੀ ਨੀਲ ਆਰਮਸਟਰਾਂਗ ਨੇ ਪਹਿਲੀ ਵਾਰ ਚੰਦ 'ਤੇ ਪੈਰ ਧਰਿਆ ਸੀ। ਇਨ੍ਹਾਂ 50 ਸਾਲਾਂ ਵਿਚ ਮਨੁੱਖ ਕਦੇ ਵੀ ਦੁਬਾਰਾ ਚੰਦ 'ਤੇ ਪੈਰ ਨਹੀਂ ਧਰ ਸਕਿਆ। ਚੰਦਰਯਾਨ-2 ਨੂੰ ਭਾਰਤ ਦਾ ਸਭ ਤੋਂ ਤਾਕਤਵਰ ਰਾਕਟ ਜੀਐੱਸਐੱਲਵੀ ਲੈ ਕੇ ਗਿਆ ਹੈ। ਪਹਿਲਾਂ ਚੰਦਰਯਾਨ-2 ਨੇ ਧਰਤੀ ਦੀ 5 ਵਾਰ ਪਰਿਕਰਮਾ ਕਰਨੀ ਸੀ ਪਰ ਹੁਣ ਇਹ ਚਾਰ ਵਾਰ ਕਰੇਗਾ ਅਤੇ ਆਪਣੇ ਨਿਰਧਾਰਤ ਸਮੇਂ 'ਤੇ ਹੀ ਚੰਦ ਦੇ ਦੱਖਣੀ ਧਰੁਵ 'ਤੇ ਲੈਂਡ ਕਰੇਗਾ। ਵੱਡੀ ਗੱਲ ਇਹ ਹੈ ਕਿ ਚੰਦਰਮਾ 'ਤੇ ਸਾਫਟ ਲੈਂਡਿੰਗ ਬਹੁਤ ਔਖਾ ਕੰਮ ਹੈ। ਚੰਦਰਯਾਨ-2 ਦੀ ਚੰਦ 'ਤੇ ਸਾਫਟ ਲੈਂਡਿੰਗ ਹੋਣੀ ਹੈ। ਭਾਰਤ ਨੇ ਇਸ ਵਿਚ 13 ਵਿਗਿਆਨਕ ਯੰਤਰ ਲਗਾਏ ਹਨ। ਇਕ ਯੰਤਰ ਨਾਸਾ ਦਾ ਹੈ ਜਿਸ ਨੂੰ ਭਾਰਤ ਮੁਫ਼ਤ ਲੈ ਕੇ ਗਿਆ ਹੈ। ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਚੰਦਰਮਾ ਦੇ ਸਾਊਥ ਪੋਲ ਦੇ ਸਭ ਤੋਂ ਨੇੜੇ ਇਹ ਸਾਰੇ ਯੰਤਰ ਜਾ ਰਹੇ ਹਨ। ਅਜਿਹੇ ਵਿਚ ਬਹੁਤ ਉਮੀਦਾਂ ਨੇ ਕਿ ਉੱਥੇ ਕੁਝ ਨਵਾਂ ਜ਼ਰੂਰ ਮਿਲੇਗਾ। ਜ਼ਿਆਦਾਤਰ ਮਿਸ਼ਨ ਚੰਦਰਮਾ ਦੇ ਇਕੁਏਟਰ ਵਿਚ ਹੀ ਹੋਏ ਹਨ। ਇਸ ਮਿਸ਼ਨ ਦੀਆਂ ਦੋ ਗੱਲਾਂ ਹੋਰ ਬਹੁਤ ਅਹਿਮ ਹਨ। ਇਕ ਤਾਂ ਇਸ ਮਿਸ਼ਨ ਦੀ ਪੂਰੀ ਕਮਾਨ ਔਰਤਾਂ ਦੇ ਹੱਥ ਹੈ ਅਤੇ ਦੂਜਾ ਚੰਦਰਯਾਨ-2 ਪੂਰੀ ਤਰ੍ਹਾਂ ਨਾਲ ਸਵਦੇਸ਼ੀ ਤਕਨੀਕ ਨਾਲ ਤਿਆਰ ਹੋਇਆ ਹੈ। ਹਾਲਾਂਕਿ ਇਸ ਮਿਸ਼ਨ ਨੇ 2014 ਵਿਚ ਲਾਂਚ ਹੋਣਾ ਸੀ ਪਰ ਵਿਦੇਸ਼ੀ ਮਦਦ ਨਾ ਮਿਲਣ ਕਾਰਨ ਫਿਰ ਸਭ ਕੁਝ ਭਾਰਤ ਵਿਚ ਤਿਆਰ ਕੀਤਾ ਗਿਆ। ਆਖ਼ਰ ਮਿਸ਼ਨ ਲਾਂਚ ਹੋ ਗਿਆ। 603 ਕਰੋੜ ਦੀ ਲਾਗਤ ਵਾਲੇ ਇਸ ਮਿਸ਼ਨ ਦੀ ਡਾਇਰੈਕਟਰ ਰਿਤੂ ਕਰਿਧਲ ਹੈ ਜਦਕਿ ਪ੍ਰਾਜੈਕਟ ਡਾਇਰੈਕਟਰ ਮੁਥੱਈਆ ਵਨੀਤਾ। ਇਹ ਭਾਰਤ ਦਾ ਹੁਣ ਤਕ ਦਾ ਸਭ ਤੋਂ ਮੁਸ਼ਕਲ ਮਿਸ਼ਨ ਹੈ। ਸਰਕਾਰਾਂ ਨੇ ਪੁਲਾੜ ਕਾਰਜਾਂ ਲਈ ਕਦੇ ਵੀ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ। ਭਾਰਤ ਦੇ ਇਸ ਮਿਸ਼ਨ 'ਤੇ ਪੂਰੀ ਦੁਨੀਆ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-111

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਗੁਣ, ਔਗੁਣ ਤੇ ਤ੍ਰੈ ਗੁਣ ਦੀ ਗੁਰਬਾਣੀ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਆਓ ਗੁਣਾਂ ਦੇ ਸਮੁੰਦਰ ਚੋਂ ਹੀ ਗੁਣਾਂ ਦੀ ਤਲਾਸ਼ ਕਰੀਏ। ਗੁਣ ਦਾ ਮੁੱਖ ਅਰਥ ਸਿਫਤ ਅਤੇ ਖ਼ੂਬੀ ਹੈ। ਬੇਅੰਤ ਪ੍ਰਭੂ ਦੀਆਂ ਸਿਫਤਾਂ ਤੇ ਖ਼ੂਬੀਆਂ ਵੀ ਬਿਅੰਤ ਹਨ। "ਸ਼ਬਦ ਗੁਰੂ ਗ੍ਰੰਥ" ਅਨੁਸਾਰ ਗੁਣਾਂ ਤੇ ਔਗੁਣਾਂ ਦੀਆਂ ਵੱਖ ਵੱਖ ਕਿਸਮਾਂ ਇਸ ਪ੍ਰਕਾਰ ਹਨ-

੧. ਪ੍ਰਭੂ ਵਿਸਰਨ ਕਰਕੇ ਖ਼ੂਬੀਆਂ ਅਤੇ ਚੰਗੀਆਂ ਗੱਲਾਂ ਖਤਮ ਹੋ ਜਾਂਦੀਆਂ ਹਨ-ਹਰਿ ਬਿਸਰਤ ਤੇਰੇ ਗੁਣ ਗਲਿਆ॥(ਮ:੧-੧੩੫੭) ੨. ਚੰਗੇ ਕੰਮ, ਨੇਕ ਅਮਲ ਅਤੇ ਚੰਗਿਆਈਆਂ ਤੋਂ ਬਿਨਾ ਪ੍ਰਭੂ ਭਗਤੀ ਨਹੀਂ ਹੋ ਸਕਦੀ-ਵਿਣੁ ਗੁਣ ਕੀਤੇ ਭਗਤਿ ਨ ਹੋਇ॥(ਜਪੁ-੪) ੩. ਤਸੀਰ, ਲੱਛਣ, ਖਾਸੀਅਤ ਆਦਿਕ ਸੁਭਾ ਦੇ ਅੰਗ-ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ॥(ਮ:੧-੨੧) ੪. ਪ੍ਰਭੂ ਦੇ ਗੁਣ ਜਾਂ ਸਿਫਤ ਸਲਾਹ-ਸਦਾ ਸਦਾ ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰ॥(ਮ:੩-੩੬) ਗੁਣ ਗਾਵਾਂ ਗੁਣ ਵਿਥਰਾਂ ਗੁਣ ਬੋਲੀ ਮੇਰੀ ਮਾਇ॥(ਮ:੪-੪੦) ੫. ਗੁਣ ਗਿਆਨ ਤੇ ਚੰਗਿਆਈ ਦੇ ਰੂਪ ਵਿੱਚ-ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣੁ ਵੰਞਿਆ ਦੂਰਿ॥(ਮ:੩-੨੭) ੬. ਸੁਭਾਉ ਦੇ ਰੂਪ ਵਿੱਚ-ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ॥(ਮ:੧-੧੪੩) ੭. ਗੁਣ ਗਾਹਕਤਾ ਦੇ ਰੂਪ ਵਿੱਚ-ਅਖੀਂ ਦੇਖਿ ਨ ਰਜੀਆਂ ਗੁਣ ਗਾਹਕ ਇਕ ਵੰਨ॥(ਮ:੧-੧੪੭) ੮. ਭਾਵ ਰੂਪੀ ਰਤਨਾਂ ਦੇ ਰੂਪ ਵਿੱਚ-ਸਰੀਰਿ ਸਰਿਵਰਿ ਗੁਣ ਪਰਗਟਿ ਕੀਏ॥(ਮ:੪-੩੬੭) ੯. ਗੁਣ ਨੂੰ ਰਸੀ ਰੂਪ 'ਚ ਵੀ ਬਿਆਨਿਆਂ ਜਿਵੇਂ ਰਸੀ ਦੇ ਸੱਪ ਹੋਣ ਦਾ ਭ੍ਰਮ-ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾ॥(ਮ:੧-੪੭੫) ੧੦. ਗੁਣ ਭੰਡਾਰ ਦੇ ਭਾਵ ਵਿੱਚ-ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ॥(ਮ:੩-੫੭੦) ੧੧. ਉਪਕਾਰ ਦੇ ਰੂਪ ਵਿੱਚ-ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ॥ ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ॥(ਮ:੧-੯੭੭) ਮੈਨੂੰ ਝੱਲੇ ਅਪਰਾਧੀ ਨੂੰ ਪ੍ਰਭੂ ਗੁਣ (ਉਪਕਾਰ) ਭੁੱਲ ਗਏ ਹਨ-ਤੇ ਗੁਣ ਵਿਸਰਿ ਗਏ ਅਪਰਾਧੀ ਮੈ ਬਉਰਾ ਕਿਆ ਕਰਉ ਹਰੇ॥ (ਮ:੧-੧੦੧੩) ੧੨. ਹੁਨਰ ਆਦਿਕ ਵਿਦਿਅਕ ਗੁਣ-ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥(ਮ:੪-੧੨੪੬) ੧੩. ਲਾਭ ਦੇ ਰੂਪ ਵਿੱਚ-ਫਰੀਦਾ ਜਿੰਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥(ਫਰੀਦ-੧੩੮੧) ੧੪. ਫਲ ਦੇ ਰੂਪ ਵਿੱਚ ਜਿਵੇਂ ਬ੍ਰਹਮ ਬ੍ਰਿਛ ਦੀ ਸ਼ਾਖਾ ਨਾਮ (ਪ੍ਰਭੂ ਨਿਯਮ) ਤੇ ਸ਼ੁਭ ਗੁਣ (ਫਲ) ਹਨ-ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ॥ (ਮ:੪-੧੩੨੫) ੧੫. ਸਰਗੁਣ ਤੇ ਨਿਰਗੁਣ ਰੂਪ-ਨਿਰਗੁਨੁ ਆਪਿ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥(ਮ:੫-੨੮੭)

ਔਗੁਣ-ਦੋਸ਼, ਐਬ, ਖੋਟ, ਅਪ੍ਰਾਧ, ਭੈੜੇ ਕੰਮ-ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ॥ (ਮ:੧-੭੬) ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ॥(ਮ:੩-੬੦) ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥(ਭੱਟ ਕੀਰਤ-੧੪੦੬) ਹੇ ਭਾਈ! ਮੈਂ ਭੱਟ ਕੀਰਤ ਵੀ ਅਉਗੁਣਾਂ ਨਾਲ ਭਰਿਆ ਹੋਇਆ ਸੀ ਅਤੇ ਕੋਈ ਇੱਕ ਵੀ ਗੁਣ ਮੇਰੇ ਪੱਲੇ ਨਹੀਂ ਸੀ। ਅੰਮ੍ਰਿਤ ਰੂਪੀ ਗਿਆਨ ਛੱਡ ਕੇ ਨਿਰੋਲ (ਅਵਤਾਰਵਾਦੀ) ਅਗਿਆਨਤਾ ਅਪਣਾਈ ਹੋਈ ਸੀ। ਇਸ ਤਰ੍ਹਾਂ ਅਗਿਆਨਤਾ ਦੇ ਮੋਹ ਦੇ ਭਰਮ ਵਿੱਚ ਭੁੱਲਿਆ ਹੋਇਆ ਸੀ। ਅਗਿਆਨਤਾ ਰੂਪ ਇਸਤਰੀ ਦਾ ਪੁੱਤ ਬਣ ਕੇ ਇਸ ਨਾਲ ਆਪਣੀ ਪ੍ਰੀਤ ਜੋੜੀ ਹੋਈ ਸੀ। ਜਦੋਂ ਪ੍ਰਭੂ ਦੇ ਉੱਤਮ ਗਿਆਨ ਦੇ ਮਾਰਗ ਬਾਰੇ ਸੁਣਿਆ ਤਾਂ ਇਸ ਦਾ ਸੰਗ ਕਰਕੇ ਅਗਿਆਨਤਾ ਤੋਂ ਗਤੀ ਪ੍ਰਾਪਤ ਕਰ ਲੈਣ ਨਾਲ (ਅਵਤਾਰਵਾਦੀ, ਦੇਹਧਾਰੀ) ਜਮਾਂ ਦਾ ਡਰ ਖ਼ਤਮ ਹੋ ਗਿਆ। ਹੁਣ ਤਾਂ ਭੱਟ ਕੀਰਤ ਦੀ ਵੀ ਹੇ ਹਰੀ! ਤੇਰੇ ਅੱਗੇ ਅਰਦਾਸ ਹੈ ਕਿ ਮੈਨੂੰ ਵੀ ਰਾਮਦਾਸ ਜੀ ਦੀ ਤਰ੍ਹਾਂ ਆਪਣੇ ਗਿਆਨ ਦੀ ਸ਼ਰਨ ਹਮੇਸ਼ਾ ਲਈ ਰੱਖ ਲਵੋ ਭਾਵ ਮੈਂ ਵੀ ਹੁਣ ਆਪਣੇ ਅਕੀਦੇ ਤੋਂ ਡੋਲਾਂ ਨਾ। ਲੋਕੁ ਅਵਗੁਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ॥ ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਇ ਹੋਇ॥ (ਮ:੩-੧੦੯੨) ਜਗਤੁ ਔਗੁਣਾਂ ਦੀ ਪੋਟਲੀ ਬੰਨੀ ਜਾ ਰਿਹੈ ਪਰ ਕੋਈ ਗੁਣਾਂ ਦਾ ਸੌਦਾ ਨਹੀਂ ਕਰਦਾ ਪਰ ਗੁਣ ਖਰੀਦਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ।

ਮਾਇਆਂ ਦੇ ਤ੍ਰੈ ਗੁਣ-ਪੁਰਾਤਨ ਬ੍ਰਾਹਮਣੀ ਲਿਖਤਾਂ ਮੁਤਾਬਿਕ ਰਜੋ, ਤਮੋ ਅਤੇ ਸਤੋ ਤਿੰਨ ਗੁਣ ਵਿਸ਼ੇਸ਼ ਤੇ ਜਦ ਇਹ ਤਿੰਨੇ ਬਰਾਰਤਾ 'ਚ ਹੋਣ ਤਾਂ ਮਾਇਆ ਬੇਅਸਰ ਹੋ ਜਾਂਦੀ ਹੈ। ਜਦ ਬਰਾਬਰ ਨਾ ਹੋਣ ਤਾਂ ਮਾਇਆਵੀ ਚੱਕਰ ਸ਼ੁਰੂ ਹੋ ਜਾਂਦੈ ਪਰ ਗੁਰਮਤਿ ਵਿੱਚ ਇਹ ਤਿੰਨੇ ਗੁਣ ਰੱਬੀ ਮਾਇਆ ਅਤੇ ਚੌਥਾ ਗੁਣ ਰੱਬੀ ਗਿਆਨ ਹੈ-ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥ ਚਉਥੇ ਪਦ ਕਉ ਜੋ ਨਰੁ ਚੀਨੈ ਤਿਨ ਹੀ ਪਰਮ ਪਦੁ ਪਾਇਆ॥ (ਕਬੀਰ-੧੧੨੩) ਮਨਮੁੱਖਾਂ ਦਾ ਸਰੀਰ ਮਾਇਆ ਦੇ ਤਿੰਨ ਗੁਣਾਂ 'ਚ ਹੀ ਬੱਝਾ ਹੋਇਆ ਇਹ ਖੇਲ ਖੇਲ ਰਿਹਾ ਹੈ-ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ॥(ਮ:੧-੨੧)

ਸੰਤੋਖ, ਸੱਚ ਬੋਲਣਾ, ਝੂਠ ਤੋਂ ਪ੍ਰਹੇਜ ਕਰਨਾ, ਸੰਜਮ, ਦਇਆ, ਨਿਮਰਤਾ, ਇਨਸਾਫ, ਸਰੀਰ ਤੇ ਮਨ ਦੀ ਸਫਾਈ, ਪਿਆਰ ਦਾ ਜਜ਼ਬਾ, ਲੋਕ ਭਲਾਈ ਕਰਨਾ, ਕਿਰਤ ਕਰਨਾ, ਲੋੜਵੰਦਾਂ ਦੀ ਮਦਦ ਅਤੇ ਰੱਬੀ ਸਿਫਤ ਸਲਾਹ ਕਰਨਾ ਆਦਿਕ ਚੰਗੇ ਗੁਣ, ਆਦਤਾਂ ਅਤੇ ਖ਼ੂਬੀਆਂ ਹਨ। "ਸ਼ਬਦ ਗੁਰੂ ਗ੍ਰੰਥ" ਵਿਖੇ ਇਸ ਦੀ ਪ੍ਰੇਰਨਾ ਇਉਂ ਹੈ-ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥ ਜੇ ਗੁਣ ਹੋਵਨਿ ਸਾਜਨਾ ਮਿਲਿ ਸਾਂਝ ਕਰੀਜੈ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥ ਜਿਥੈ ਜਾਇ ਬਹੀਐ ਭਲਾ ਕਹੀਐ। ਝੋਲਿ ਅੰਮ੍ਰਿਤੁ ਪੀਜੈ॥ ਗੁਣਾ ਕਾ ਹੋਵੈ ਵਾਸੁਲਾ ਕਢੀ ਵਾਸੁ ਲਈਝੈ॥(੭੬੬) ਕਵਣੁ ਸੁ ਅਖਰੁ ਕਵਣ ਗੁਣੁ ਕਵਣੁ ਸੁ ਮਣੀਆ ਮੰਤੁ॥ ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥ ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵਈ ਕੰਤੁ॥ (੩੮੪) ਐ ਮਨੁੱਖ ਜਿਉਂ ਜਿਉਂ ਤੂੰ ਸ਼ੁਭ ਗੁਣਾਂ ਰੂਪ ਕਰਤੇ ਨੂੰ ਵਿਸਾਰ ਰਿਹਾ ਹੈ ਤੇਰੇ ਅੰਦਰੋਂ ਗੁਣ ਘਟਦੇ ਜਾ ਰਹੇ ਹਨ-ਹਰਿ ਬਿਸਰਤ ਤੇਰੇ ਗੁਣ ਗਲਿਆ।੧॥ਰਹਾਉ॥(ਮ:੧-੧੨) ਇਸ ਸੰਸਾਰ ਸਮਾਜ ਵਿੱਚ ਗੁਣਾਂ ਦੀ ਹੀ ਕਦਰ ਪੈਂਦੀ ਤੇ ਸਾਨੂੰ ਮਨੁੱਖਾਂ ਨੂੰ ਚੰਗੇ ਗੁਣ ਹੀ ਧਾਰਨ ਕਰਨੇ ਅਤੇ ਔਗੁਣਾ ਦਾ ਤਿਆਗ ਕਰਨਾ ਚਾਹੀਦਾ ਹੈ। ਰਜੋ, ਤਮੋ ਤੇ ਸਤੋ ਗੁਣ ਤੋਂ ਉਪਰ ਉੱਠ ਕੇ ਸ਼ੁਭ ਗੁਣਾਂ ਵਾਲਾ ਰੱਬੀ ਗਿਆਨ ਧਾਰਨ ਕਰਨਾ ਹੀ ਜੀਵਨ ਦੀ ਸਫਲਤਾ ਹੈ।



ਆਮ 'ਦਾਲ ਚੌਲ' ਖਾ ਕੇ 'ਹਿਮਾ' ਨੇ ,
ਰਚ ਦਿੱਤਾ ਇਤਿਹਾਸ ਜੀ।
ਭਾਰਤੀ ਮੀਡੀਏ ਨੂੰ ਪਿੱਸੂ ਪੈ ਗਏ,
ਹੋ ਜੇ ਸਤਿਆਨਾਸ ਜੀ।
ਚਰਚਾ ਨਾ ਕੀਤੀ ਤਾਹੀਓਂ ਇਸ ਨੇ
ਸੀ ਗਰੀਬ ਦੀ ਇਹ ਧੀਅ ਜੀ
ਕਰਕੇ ਮਿਹਨਤ ਇਸ ਕੁੜੀ ਨੇ,
ਸੋਨੇ ਦੇ ਮੈਡਲ ਜਿੱਤੇ ਛੀ ਜੀ।
ਕਰਕੇ ਮਿਹਨਤ ਹਿਮਾ ਨੇ
ਜਿੱਤੇ ਮੈਡਲ ਛੀ ਜੀ.....।

**– ਮੇਜਰ ਸਿੰਘ ਬੁਢਲਾਡਾ**



# ਕੇਰਲਾ ਵਿੱਚ ਲੋਕਲ ਬਾਡੀ ਚੋਣਾਂ ਵਿੱਚ ਖੱਬੇ ਮੋਰਚੇ (ਐਲ.ਡੀ.ਐਫ) ਦੀ ਚਮਤਕਾਰੀ ਜਿੱਤ

ਗੁਰਮੀਤ ਸਿੰਘ ਢੱਡਾ
91-98720-89144

ਜੂਨ 28, 2019 ਨੂੰ ਕੇਰਲ ਰਾਜ ਵਿੱਚ ਲੋਕਲ ਬਾੱਡੀ ਦੀਆਂ ਜ਼ਿਮਨੀ ਚੋਣਾਂ ਵਿੱਚ ਸੀ.ਪੀ.ਆਈ.ਐਮ. ਤੇ ਖੱਬੇ ਜਮਹੂਰੀ ਮੋਰਚੇ ਨੇ ਵਿਰੋਧੀਆਂ ਨੂੰ ਲੱਕ-ਤੋੜ ਹਾਰ ਦਿੱਤੀ ਹੈ। ਅਜੇ ਇੱਕ ਮਹੀਨਾ ਪਹਿਲਾਂ ਮਈ 2019 ਨੂੰ ਖੱਬੇ ਜਮਹੂਰੀ ਮੋਰਚੇ ਨੂੰ ਭਾਰੀ ਹਾਰ ਦਾ ਮੂੰਹ ਦੇਖਣਾ ਪਿਆ ਸੀ।

ਇਨ੍ਹਾਂ ਚੋਣਾਂ ਤੋਂ ਪਹਿਲਾਂ ਹਾਕਮ ਜਮਾਤਾਂ ਵੱਲੋਂ ਬਹੁਤ ਹੀ ਨਾ-ਪੱਖੀ ਪ੍ਰਚਾਰ ਕੀਤਾ ਗਿਆ ਕਿ ਹੁਣ ਤਾਂ ਸੀ.ਪੀ.ਆਈ.ਐਮ. ਅਤੇ ਖੱਬਾ ਜਮਹੂਰੀ ਮੋਰਚਾ ਹਾਸ਼ੀਏ 'ਤੇ ਚੱਲਾ ਗਿਆ ਹੈ। ਹੁਣ ਇਸ ਮੋਰਚੇ ਦੀ ਸਾਰਥਕਤਾ ਨਹੀਂ ਹੈ। ਪਰ ਕਿਉਂਕਿ ਉਸ ਪ੍ਰਾਂਤ ਦੇ ਹਰ ਮੋਰਚੇ ਦੇ ਕਿਰਤੀ ਆਪਣੀਆਂ ਗੂੰਦਵੀਆਂ ਜਥੇਬੰਦੀਆਂ ਦੇ ਝੰਡੇ ਥੱਲੇ ਹਰ ਸਮੇਂ ਗੈਰ-ਪਾਰਲੀਮਾਨੀ ਸੰਘਰਸ਼ਾਂ ਦੇ ਸਥਾਨਕ ਪਿੜ੍ਹ ਮਲੀ ਹੀ ਰੱਖਦੀਆਂ ਹਨ। ਉਸ ਪ੍ਰਾਂਤ ਵਿੱਚ ਕਿਰਤੀਆਂ ਦਾ ਬਹੁਤ ਵੱਡਾ ਹਿੱਸਾ ਆਪੋ-ਆਪਣੇ ਕਿੱਤੇ ਵਿੱਚ ਜਥੇਬੰਦ ਹਨ। ਇਸ ਲਈ ਹਾਕਮ ਜਮਾਤਾਂ ਵੱਲੋਂ ਕੀਤਾ ਜਾਂਦਾ ਦੁਰ-ਪ੍ਰਚਾਰ ਬਹੁਤਾ ਕਾਟ ਨਹੀਂ ਕਰਵਾਉਂਦਾ।

ਦੇਸ਼ ਵਿੱਚ ਅਗਾਂਹ-ਵਧੂ ਹਲਕਿਆਂ ਦਾ ਇਹ ਵਿਸ਼ਵਾਸ਼ ਸੀ ਕਿ ਕੇਰਲ, ਬੰਗਾਲ ਅਤੇ ਤ੍ਰਿਪੁਰਾ ਆਦਿ ਪ੍ਰਾਂਤਾਂ ਵਿੱਚ ਸੀ.ਪੀ.ਆਈ.ਐਮ. ਅਤੇ ਖੱਬੇ ਜਮਹੂਰੀ ਮੋਰਚੇ ਦੇ ਕਾਰਕੁੰਨ ਸੰਘਰਸ਼ਾਂ ਵਿੱਚ ਹੋ ਜਾਣ ਵਾਲੀਆਂ ਵਕਤੀ ਹਾਰਾਂ ਤੋਂ ਹੌਂਸਲਾਪਸਤ ਨਹੀਂ ਹੁੰਦੇ। ਕੇਰਲ ਪ੍ਰਾਂਤ ਦੇ ਇਨ੍ਹਾਂ ਕਾਰਕੁੰਨਾਂ ਨੇ ਪਾਰਲੀਮੈਂਟ ਦੀਆਂ ਇਨ੍ਹਾਂ ਚੋਣਾਂ ਵਿੱਚ ਹੋਈ ਹਾਰ ਦਾ ਇੱਕ ਮਹੀਨੇ ਦੇ ਅੰਦਰ-ਅੰਦਰ ਹੀ, ਇਹ ਧੋਣਾ ਧੋ ਦਿੱਤਾ ਹੈ ਅਤੇ ਹੱਥ 'ਤੇ ਸਰੋਂ ਜਮਾ ਕੇ ਦਿਖਾ ਦਿੱਤੀ ਹੈ।

ਕੇਰਲ ਵਿੱਚ ਹੁਣ ਸਥਾਨਕ 44 ਲੋਕਲ ਬਾੱਡੀ ਦੀਆਂ ਜ਼ਿਮਨੀ ਚੋਣਾਂ ਹੋਈਆਂ ਹਨ। ਇਨ੍ਹਾਂ ਚੋਣਾਂ ਵਿੱਚ 75000 ਲੋਕਾਂ ਨੇ ਭਾਗ ਲਿਆ ਹੈ ਅਤੇ ਵਿਰੋਧੀ ਫਰੰਟ ਐਲ.ਡੀ.ਐਫ. ਅਤੇ ਬੀ.ਜੇ.ਪੀ. ਨੂੰ ਬੁਰੀ ਤਰ੍ਹਾਂ ਹਾਰ ਦਿੱਤੀ ਹੈ। ਇਨ੍ਹਾਂ ਚੋਣਾਂ ਦਾ ਘੇਰਾ 13 ਜ਼ਿਲ੍ਹਿਆਂ ਤੱਕ ਫੈਲਿਆ ਹੋਇਆ ਸੀ। ਇਨ੍ਹਾਂ ਚੋਣਾਂ ਵਿੱਚ ਸੀ.ਪੀ.ਆਈ.ਐਮ. ਤੇ ਖੱਬੇ ਜਮਹੂਰੀ ਮੋਰਚੇ ਨੇ 44 ਵਿਚੋਂ 22 ਸੀਟਾਂ 'ਤੇ ਜਿੱਤ ਦਰਜ ਕਰਵਾਈ ਹੈ। ਕਾਂਗਰਸ ਦੇ (ਯੂ.ਡੀ.ਐਫ.) ਮੋਰਚੇ ਨੂੰ 17 ਤੇ ਬੀ.ਜੇ.ਪੀ. ਦੇ ਹਿੱਸੇ ਸਿਰਫ਼ 5 ਸੀਟਾਂ ਹੀ ਆਈਆਂ ਹਨ। ਖੱਬੇ ਜਮਹੂਰੀ ਮੋਰਚੇ ਨੇ 8 ਸੀਟਾਂ ਕਾਂਗਰਸ ਦੇ ਮੋਰਚੇ ਤੋਂ ਖੋਹੀਆਂ ਹਨ।

ਇਸ ਜ਼ਿਮਨੀ ਚੋਣ ਵਿੱਚ ਖੱਬੇ ਜਮਹੂਰੀ ਮੋਰਚੇ ਨੇ ਪਹਿਲਾਂ ਨਾਲੋਂ ਕਾਫ਼ੀ ਬੜ੍ਹਤ ਹਾਸਲ ਕੀਤੀ ਹੈ, ਜਦਕਿ ਇੱਕ ਮਹੀਨਾ ਪਹਿਲਾਂ ਕਾਂਗਰਸ ਦੇ ਮੋਰਚੇ ਨੇ ਲੋਕ ਸਭਾ ਦੀਆਂ ਚੋਣਾਂ ਵਿੱਚ ਮਲ੍ਹਾ ਮਾਰੀਆਂ ਸਨ।

ਇਹ ਇੱਕ ਹੋਰ ਵੀ ਮਾਣ ਵਾਲੀ ਗੱਲ ਹੈ ਕਿ ਜਿਸ ਹਲਕੇ ਵਿੱਚੋਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਪਾਰਲੀਮੈਂਟ ਦੀ ਚੋਣ ਜਿੱਤੇ ਸਨ, ਉਸ ਹਲਕੇ ਦੇ ਲੋਕਲ ਬਾੱਡੀ ਬਲਾਕ ਵਿੱਚੋਂ ਖੱਬੇ ਜਮਹੂਰੀ ਮੋਰਚੇ ਦੇ ਉਮੀਦਵਾਰ ਅਬਦੁੱਲਾ ਪੁਲਮਾਧੀ ਨੇ ਆਪਣੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਨੂੰ 171 ਵੋਟਾਂ ਨਾਲ ਹਰਾ ਕੇ ਜਿੱਤ ਦਰਜ ਕਰਵਾਈ ਹੈ।

ਇਸੇ ਤਰ੍ਹਾਂ ਜਿਸ ਇਲਾਕੇ ਵਿੱਚ ਸਬਰੀਮਾਲਾ ਮੰਦਰ, ਜਿਹੜਾ ਮੰਦਰ ਬਹੁਤ ਸਮਾਂ ਅਖ਼ਬਾਰਾਂ ਵਿੱਚ ਚਰਚਿਤ ਰਿਹਾ ਹੈ, ਵਿੱਚ ਵੀ ਖੱਬੇ ਜਮਹੂਰੀ ਮੋਰਚੇ ਦੇ ਉਮੀਦਵਾਰ ਨੇ ਕਾਂਗਰਸ ਵਾਲੇ ਮੋਰਚੇ ਦੇ ਉਮੀਦਵਾਰ ਨੂੰ, ਜਿਸ ਦੀ ਇਹ ਪਹਿਲਾ ਸਿਟਿੰਗ ਸੀਟ ਸੀ, ਨੂੰ ਹਾਰ ਦੇ ਕੇ ਜਿੱਤ ਦਰਜ ਕਰਵਾਈ ਹੈ। ਇਸ ਹਲਕੇ ਦੇ ਬਲਾਕ ਵਿਚੋਂ ਬੀ.ਜੇ.ਪੀ. ਨੂੰ ਸਿਰਫ਼ 9 ਵੋਟਾਂ ਹੀ ਪ੍ਰਾਪਤ ਹੋਈਆਂ ਹਨ।

ਇਸੇ ਤਰ੍ਹਾਂ ਕਾਇਮਕੁਲਮ ਦੇ ਮਿਊਸੀਪਲ ਵਾਰਡ ਵਿੱਚ ਵੀ ਖੱਬੇ ਮੋਰਚੇ ਦੇ ਉਮੀਦਵਾਰ ਨੇ ਕਾਂਗਰਸ ਦੇ ਮੋਰਚੇ ਦੇ ਉਮੀਦਵਾਰ ਨੂੰ ਹਾਰ ਕੇ ਜਿੱਤ ਹਾਸਲ ਕੀਤੀ ਹੈ। ਇਸ ਵਾਰਡ ਵਿੱਚੋਂ ਬੀ.ਜੇ.ਪੀ. ਨੂੰ ਸਿਰਫ਼ 6 ਵੋਟਾਂ ਹੀ ਪਾਈਆਂ ਹਨ। ਇਸ ਚੋਣ ਹਲਕੇ ਵਿੱਚ ਬੀ.ਜੇ.ਪੀ. ਸਿਰਫ਼ ਇੱਕ ਵਾਰਡ ਜਿੱਤ ਸਕੀ ਹੈ।ਪਰ ਇਸ ਵਾਰਡ ਵਿੱਚ ਇਸ ਨੇ ਪਿਛਲੀਆਂ ਚੋਣਾਂ ਸਮੇਂ ਪ੍ਰਾਪਤ 211 ਵੋਟਾਂ ਦੀ ਥਾਂ ਹੁਣ 58 ਵੋਟਾਂ ਹੀ ਪ੍ਰਾਪਤ ਕੀਤੀਆਂ ਹਨ। ਬੀ.ਜੇ.ਪੀ. ਸਿਰਫ਼ ਚੇਰਖਾਲਾ ਮਿਊਸਪੈਲਟੀ ਦਾ ਇਕ ਵਾਰਡ ਹੀ ਜਿੱਤ ਸਕੀ ਹੈ ਅਤੇ ਇਥੋਂ ਕਾਂਗਰਸ ਨੇ ਪਹਿਲੀ ਵਾਰ ਹਾਰ ਖਾਂਦੀ ਹੈ। ਇਹ ਲੋਕਲ ਬਾੱਡੀ ਦੀਆਂ ਜ਼ਿਮਨੀ ਚੋਣਾਂ ਉਦੋਂ ਹੋਈਆਂ ਹਨ, ਜਦੋਂ ਖੱਬੇ ਜਮਹੂਰੀ ਮੋਰਚੇ ਦੀ ਸਰਕਾਰ ਨੂੰ ਬਣਿਆ ਤਿੰਨ ਸਾਲ ਪੂਰੇ ਹੋਏ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅੰਤਰ-ਜਾਤੀ ਵਿਆਹੇ ਜੋੜਿਆਂ ਨੂੰ ਸਰਕਾਰ ਸੁਰੱਖਿਆ ਪ੍ਰਦਾਨ ਕਰੇ- ਸਮਤਾ ਸੈਨਿਕ ਦਲ

**ਜਲੰਧਰ (ਤਰਸੇਮ ਜਲੰਧਰੀ)** – ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ ਦੇ ਜਨਰਲ ਸਕੱਤਰ-ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਦਲ ਦੀ ਇਕ ਮੀਟਿੰਗ ਦਲ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਅਤੇ ਸਮਾਜਿਕ ਭਲਾਈ ਦੇ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਇਸ ਮੀਟਿੰਗ ਵਿਚ ਬਲਦੇਵ ਰਾਜ ਭਾਰਦਵਾਜ, ਵਰਿੰਦਰ ਕੁਮਾਰ , ਸ੍ਰੀ ਐਲ ਆਰ ਬਲੀ, ਮਾਇਆ ਰਾਮ ਅਤੇ ਐਡਵੋਕੇਟ ਕੁਲਦੀਪ ਭੱਟੀ ਹਾਜ਼ਰ ਹੋਏ। ਬਲਦੇਵ ਰਾਜ ਭਾਰਦਵਾਜ ਨੇ ਅੱਗੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਜਾਤ ਨੂੰ ਨਸ਼ਟ ਕਰਨ ਲਈ ਸਹਿਭੋਜ ਕਰਨ ਅਤੇ ਅੰਤਰਜਾਤੀ ਵਿਆਹ ਕਰਨ ਦੀ ਸਲਾਹ ਦਿਤੀ ਸੀ. ਅੰਤਰ-ਜਾਤੀ ਵਿਆਹ ਜਾਤ-ਪੱਖਪਾਤ ਨੂੰ ਘਟਾਉਣ, 'ਛੂਤ-ਛਾਤ' ਨੂੰ ਖ਼ਤਮ ਕਰਨ ਅਤੇ ਸਮਾਜ ਵਿਚ ਆਜ਼ਾਦੀ, ਬਰਾਬਰੀ, ਭਾਈਚਾਰਾ ਆਦਿ ਦੇ ਕਦਰਾਂ-ਕੀਮਤਾਂ ਫੈਲਾਉਣ ਲਈ ਮਹੱਤਵਪੂਰਨ ਕਦਮ ਹੋ ਸਕਦੇ ਹਨ। ਅੰਤਰ-ਜਾਤੀ ਵਿਆਹ ਕਰਨ ਵਾਲੇ ਜੋੜਿਆਂ ਨੂੰ ਸਰਕਾਰ ਵਲੋਂ ਰੁ. 2.50 ਲੱਖ ਦਾ ਪ੍ਰੋਤਸਾਹਨ ਦਿੱਤਾ ਜਾਂਦਾ ਹੈ। ਜਦੋਂ ਕੋਈ ਅਜਿਹੀ ਸ਼ਾਦੀ ਹੁੰਦੀ ਹੈ ਜਿਸ ਵਿਚ ਲੜਕੀ ਉੱਚ ਜਾਤੀ ਦੀ ਹੁੰਦੀ ਹੈ ਤਾਂ ਉੱਚ ਜਾਤੀ ਦੇ ਕੱਟੜਪੰਥੀ ਜਾਂ ਤਾਂ ਅਜਿਹੀ ਸ਼ਾਦੀ ਨੂੰ ਮਾਨਤਾ ਹੀ ਨਹੀਂ ਦਿੰਦੇ ਜਾਂ ਲੜਕੀ ਨੂੰ ਜਾਂ ਫਿਰ ਲੜਕੀ ਅਤੇ ਲੜਕੇ ਦੋਨਾਂ ਨੂੰ ਜਾਨੋਂ ਮਾਰ ਦਿੰਦੇ ਹਨ।



ਹੁਣ ਇਕ ਨਵਾਂ ਕੇਸ ਸਾਹਮਣੇ ਆਇਆ ਹੈ ਜਿਸ ਵਿਚ ਉੱਤਰ ਪ੍ਰਦੇਸ਼ ਦੇ ਭਾਜਪਾ ਵਿਧਾਇਕ ਰਾਜੇਸ਼ ਮਿਸ਼ਰਾ ਦੀ ਪੁੱਤਰੀ 23 ਸਾਲਾ ਸਾਕਸ਼ੀ ਮਿਸ਼ਰਾ ਨੇ ਪਿਛਲੇ ਹਫਤੇ ਇਕ ਵੀਡੀਓ ਪੋਸਟ ਕੀਤਾ ਹੈ ਕਿ ਉਹ ਆਪਣੀ ਜਾਤ ਤੋਂ ਬਾਹਰ ਦੇ ਵਿਅਕਤੀ ਨਾਲ ਵਿਆਹ ਕਰਾਉਣ ਕਰਕੇ ਆਪਣੇ ਪਿਤਾ ਤੋਂ ਖ਼ਤਰੇ ਵਿਚ ਹੈ ਅਤੇ ਉਸਨੇ ਆਪਣੀ ਸੁਰੱਖਿਆ ਦਾ ਦਾਅਵਾ ਕੀਤਾ ਹੈ।

ਆਲ ਇੰਡੀਆ ਸਮਤਾ ਸੈਨਿਕ ਦਲ ਅਜਿਹੇ ਕੇਸਾਂ ਦੀ ਘੋਰ ਨਿੰਦਾ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਸਰਕਾਰ ਅੰਤਰ-ਜਾਤੀ ਵਿਆਹੇ ਜੋੜਿਆਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰੇ।

# ਲੋਕ ਵਿਰਾਸਤ ਅਕੈਡਮੀ ਵੱਲੋਂ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਦਾ ਚੇਅਰਮੈਨ ਬਣਨ 'ਤੇ ਸਨਮਾਨ

**ਲੁਧਿਆਣਾ (ਬਿਊਰੋ)**– ਲੋਕ ਵਿਰਾਸਤ ਅਕਾਡਮੀ ਵੱਲੋਂ ਪੰਜਾਬ ਦੇ ਉਦਯੋਗਕ ਵਿਕਾਸ ਨਾਲ ਸਬੰਧਿਤ ਕਾਰਪੋਰੇਸ਼ਨ ਦੇ ਨਵ ਨਿਯੁਕਤ ਚੇਅਰਮੈਨ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਨੂੰ ਲੁਧਿਆਣਾ ਦੇ ਸ਼ਹੀਦ ਭਗਤ ਸਿੰਘ ਨਗਰ ਵਿਖੇ ਪੰਜਾਬ ਰਾਜ ਉਦਯੋਗ ਵਿਕਾਸ ਨਿਗਮ ਦਾ ਚੇਅਰਮੈਨ ਬਣਨ ਤੇ ਸਨਮਾਨਿਤ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਤੇ ਮਾਲਵਾ ਸਭਿਆਚਾਰ ਮੰਚ ਦੇ ਚੇਅਰਮੈਨ ਸ਼੍ਰੀ ਬਾਵਾ ਇਸ ਤੋਂ ਪਹਿਲਾਂ ਦੋ ਵਾਰ ਹਾਊਸਫੈਡ ਪੰਜਾਬ ਦੇ ਚੇਅਰਮੈਨ ਰਹਿ ਚੁਕੇ ਹਨ। ਸ਼੍ਰੀ ਬਾਵਾ ਦੇ ਸਵਾਗਤ ਚ ਬੋਲਦਿਆਂ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਵੇ ਦੱਸਿਆ ਕਿ ਸ਼੍ਰੀ ਬਾਵਾ ਨੇ 1980 ਤੋਂ ਸ: ਜਗਦੇਵ ਸਿੰਘ ਜੱਸੋਵਾਲ ਜੀ ਦੀ ਪ੍ਰੇਰਨਾ ਨਾਲ ਸਿਆਸਤ, ਸਮਾਜ ਸੇਵਾ, ਪੇਂਡੂ ਵਿਕਾਸ ਤੇ ਸਭਿਆਚਾਰ ਦੇ ਖੇਤਰ ਵਿੱਚ ਸਰਗਰਮੀ ਸ਼ੁਰੂ ਕੀਤੀ। ਪਿੰਡ ਰਕਬਾ (ਲੁਧਿਆਣਾ) ਜੰਮਪਲ ਸ਼੍ਰੀ ਬਾਵਾ ਨੇ 26 ਸਾਲ ਪਹਿਲਾਂ ਸਾਡੇ ਸਭ ਦੇ ਸੰਗ ਸਾਥ ਹਰ ਸਾਲ ਧੀਆਂ ਦਾ ਲੋਹੜੀ ਮੇਲਾ ਸ਼ੁਰੂ ਕੀਤਾ ਤਾਂ ਜੋ ਭਰੂਣ ਹੱਤਿਆ ਦੇ ਖਿਲਾਫ਼ ਲੋਕ ਆਵਾਜ਼ ਬੁਲੰਦ ਹੋ ਸਕੇ। ਇਸ ਦਾ ਆਰੰਭ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਬੁੱਤ ਤੋਂ ਲੈ ਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਬੁੱਤਾਂ ਤੀਕ ਹਜ਼ਾਰਾਂ ਲੋਕਾਂ ਦੇ ਕਾਫ਼ਲੇ ਦੀ ਅਗਵਾਈ ਕਰਕੇ ਕੀਤਾ।

ਸ਼੍ਰੀ ਬਾਵਾ ਬਾਰੇ ਬੋਲਦਿਆਂ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਲੰਮਾ ਸਮਾਂ ਮੀਤ ਪ੍ਰਧਾਨ ਰਹੇ ਪ੍ਰਸਿੱਧ ਪੰਜਾਬੀ ਕਵੀ ਤ੍ਰੈਲੋਚਨ ਲੋਚੀ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਕੁਰਬਾਨੀ ਤੇ ਇਤਿਹਾਸਕ ਯੋਗਦਾਨ ਬਾਰੇਬਾਵਾ ਜੀ ਨੇ ਦੇਸ਼ ਬਦੇਸ਼ ਵਿੱਚ ਲੋਕਾਂ ਨੂੰ ਲਗਾਤਾਰ ਸੁਚੇਤ ਕੀਤਾ ਅਤੇ ਰਕਬਾ ਸਥਿਤ ਬਾਬਾ ਬੰਦਾ ਸਿੰਘ ਬਹਾਦਰ ਭਵਨ ਵਿਖੇ ਸ਼੍ਰੀ ਗੁਰੂ ਗਰੰਥ ਸਾਹਿਬ ਦੇ ਬਾਣੀਕਾਰਾਂ ਦੇ ਚਿੱਤਰ ਅਰ ਐਮ ਸਿੰਘ ਤੋਂ ਤਿਆਰ ਕਰਵਾ ਕੇ ਸ਼ਬਦ ਪ੍ਰਕਾਸ਼ ਅਜਾਇਬ ਘਰ ਦੇ ਰੂਪ ਵਿੱਚ ਕੌਮ ਨੂੰ ਸਮਰਪਿਤ ਕੀਤਾ ਹੈ। ਸੁਰਜੀਤ ਸਪੋਰਟਸ ਅਸੋਸੀਏਸ਼ਨ ਬਟਾਲਾ ਦੇ ਪ੍ਰਧਾਨ ਪਿਰਥੀਪਾਲ ਸਿੰਘ ਨੇ ਕਿਹਾ ਕਿ ਬਾਵਾ ਜੀ ਨੇ ਸਿਰਫ਼ ਸਿਆਸਤ ਨਹੀਂ ਕੀਤੀ ਸਗੋਂ ਸਰਬ ਧਰਮਾਂ ਦੇ ਮਹਾਨ ਵਿਚਾਰਵਾਨਾਂ ਨੂੰ ਇਕਸਾਰ ਸਨਮਾਨ ਦੇ ਕੇ ਸਮਾਜ ਵਿੱਚ ਸਤਿਕਾਰ ਲਿਆ ਹੈ। ਹੁਣ ਉਹ ਸਿਰਫ਼ ਮਾਲਵਾ ਖੇਤਰ ਦੇ ਨਹੀਂ ਸਗੋਂ ਪੂਰੇ ਸੰਸਾਰ ਚ ਵੱਸਦੇ ਪੰਜਾਬੀਆਂ ਦੇ ਹਰਮਨ ਪਿਆਰੇ ਆਗੂ ਬਣ ਗਏ ਹਨ।



ਖੱਬੇ ਤੋਂ ਸੱਜੇ- ਪਿਰਥੀਪਾਲ ਸਿੰਘ ਐਸ ਪੀ,ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਦਾਦ, ਕ੍ਰਿਸ਼ਨ ਕੁਮਾਰ ਬਾਵਾ, ਪਿੱਛੇ ਗਗਨਦੀਪ ਬਾਵਾ, ਗੁਰਭਜਨ ਗਿੱਲ ਤੇ ਤ੍ਰੈਲੋਚਨ ਲੋਚੀ।

ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਨੇ ਧੰਨਵਾਦ ਦੇ ਸ਼ਬਦ ਬੋਲਦਿਆਂ ਕਿਹਾ ਕਿ ਉਹ ਇਕੱਲੇ ਕੁਝ ਵੀ ਨਹੀਂ ਹਨ ਸਗੋਂ ਹਰ ਖੇਤਰ ਦੇ ਆਗੂਆਂ ਦੀ ਪ੍ਰੇਰਨਾ ਨਾਲ ਹੀ ਮੈਂ ਉੱਸਰ ਸਕਿਆ ਹਾਂ। ਉਨ੍ਹਾਂ ਕਿਹਾ ਕਿ ਆਪਣੇ ਪਿਤਾ ਜੀ ਸ਼੍ਰੀ ਬਲਭੱਦਰ ਦਾਸ ਜੀ ਪਾਸੋਂ ਜੀਵਨ ਸੰਘਰਸ਼ ਦੀ ਦਾਤ, ਜੱਸੋਵਾਲ ਜੀ ਤੋਂ ਸਿਆਸਤ ਦੇ ਨਾਲ ਨਾਲ ਸਮਾਜ ਦਾ ਸਰਬਪੱਖੀ ਵਿਕਾਸ ਅਤੇ ਹਰ ਖੇਤਰ ਦੇ ਸ਼ਾਹ ਸਵਾਰਾਂ ਕੋਲੋਂ ਸਹਿਯੋਗ ਲੈ ਕੇ ਗੋਹੜੇ ਚੋਂ ਸਿਰਫ਼ ਕੁਝ ਪੂਣੀਆਂ ਕੱਤੀਆਂ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਪੇਂਡੂ ਵਿਕਾਸ ਲਈ ਕਸਬਿਆਂ ਚ ਉਦਯੋਗਕ ਵਿਕਾਸ ਕਰਨ ਦੀ ਲੋੜ ਹੈ। ਇਸ ਸਬੰਧੀ ਰਾਜ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਤੇ ਉਦਯੋਗ ਮੰਤਰੀ ਸ਼੍ਰੀ ਸੁੰਦਰ ਸ਼ਾਮ ਅਰੋੜਾ ਜੀ ਦੀ ਦਿਸ਼ਾ ਨਿਰਦੇਸ਼ਨਾ ਅਧੀਨ ਪਾਰਦਰਸ਼ੀ ਸਮਰੱਥ ਨੀਤੀ ਤਿਆਰ ਕੀਤੀ ਜਾਵੇਗੀ ਅਤੇ ਇਨਵੈਸਟ ਪੰਜਾਬ ਦੇ ਸਹਿਯੋਗ ਨਾਲ ਨਵੇਂ ਉੱਦਮੀਆਂ ਨੂੰ ਪੰਜਾਬ ਚ ਉਦਯੋਗ ਲਾਉਣ ਲਈ ਪ੍ਰੇਰਿਆ ਜਾਵੇਗਾ। ਪਿੰਡ ਦਾਦ ਦੇ ਸਰਪੰਚ ਸ: ਜਗਦੀਸ਼ਪਾਲ ਸਿੰਘ ਗਰੇਵਾਲ ਨੇ ਸ਼੍ਰੀ ਕ ਕ ਬਾਵਾ ਨੂੰ ਪਿੰਡ ਪੰਚਾਇਤ ਵੱਲੋਂ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਸ: ਬਲਕਾਰ ਸਿੰਘ, ਪਰਮਜੀਤ ਸਿੰਘ, ਗਗਨਦੀਪ ਬਾਵਾ ਤੇ ਅਰਜਨ ਬਾਵਾ ਵੀ ਹਾਜ਼ਰ ਸਨ।

# ਦੇਸ਼ ਭਗਤ ਯਾਦਗਾਰ ਕਮੇਟੀ ਨੇ ਲਏ ਤਿੰਨ ਫੈਸਲੇ - ਫਾਸ਼ੀਵਾਦ, ਜਲ੍ਹਿਆਂਵਾਲਾ ਬਾਗ਼ ਅਤੇ ਬਾਬਾ ਨਾਨਕ ਸਬੰਧੀ ਹੋਏਗੀ ਚਰਚਾ

**ਜਲੰਧਰ (ਬਿਊਰੋ)**– ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੀ-ਟਿੰਗ 'ਚ ਅਹਿਮ ਫੈਸਲੇ ਲਏ ਗਏ ਕਿ ਅਗਸਤ ਮਹੀਨੇ ਵਿੱਚ ਫਾਸ਼ੀਵਾਦ ਵਿਰੁੱਧ, ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਵਿਰਾਸਤ ਸਬੰਧੀ ਅਤੇ ਸਤੰਬਰ ਮਹੀਨੇ ਬਾਬਾ ਨਾਨਕ ਯਾਦਗਾਰੀ ਸੈਮੀਨਾਰ ਕੀਤੇ ਜਾਣਗੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ 'ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਅਗਸਤ ਮਹੀਨੇ 'ਚ ਫਾਸ਼ੀਵਾਦ ਵਿਰੁੱਧ ਵਿਚਾਰ-ਚਰਚਾ ਕਰੇਗੀ। ਕਮੇਟੀ ਨਿਕਟ ਭਵਿੱਖ 'ਚ ਮੁੱਖ ਮੰਤਰੀ ਪੰਜਾਬ ਨੂੰ ਵਫ਼ਦ ਦੇ ਰੂਪ 'ਚ ਮਿਲਕੇ ਮੰਗ ਕਰੇਗੀ ਕਿ ਅੱਜ ਜਦੋਂ ਦੁਨੀਆਂ ਭਰ 'ਚ ਦੇਸ਼ ਵਾਸੀ ਜਲ੍ਹਿਆਂਵਾਲਾ ਬਾਗ਼ ਕਾਂਡ ਦੀ 100ਵੀਂ ਵਰ੍ਹੇਗੰਢ ਮਨਾ ਰਹੇ ਹਨ; ਇਸ ਇਤਿਹਾਸਕ ਵਰ੍ਹੇ ਅੰਦਰ ਚਾਹੀਦਾ ਤਾਂ ਇਹ ਸੀ ਕਿ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਮਹੱਤਤਾ ਨੂੰ ਹਰ ਪੱਖੋਂ ਸੰਭਾਲਣ ਅਤੇ ਲੋਕਾਂ ਵਿੱਚ ਲਿਜਾਣ ਲਈ ਵਿਸ਼ੇਸ਼ ਉੱਦਮ ਕਰਕੇ ਆਜ਼ਾਦੀ ਸੰਗਰਾਮੀਆਂ ਨੂੰ ਨਤਮਸਤਕ ਹੋਇਆ ਜਾਂਦਾ। ਪਰ ਇਥੇ ਉਲਟੇ ਬਾਂਸ ਬਰੇਲੀ ਨੂੰ ਜਾਣਦੀ ਕਹਾਵਤ ਮੁਤਾਬਕ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕਤਾ ਮੇਟਣ ਅਤੇ ਇਸਨੂੰ ਵਪਾਰਕ, ਸੈਰ-ਸਪਾਟੇ ਦੀ ਜਗ੍ਹਾਂ ਬਣਾ ਧਰਨ ਦੇ ਉਲਟੇ ਚਾਲੇ ਚੱਲੇ ਜਾ ਰਹੇ ਹਨ।

ਕਮੇਟੀ ਜਨਤਕ ਮੰਗ-ਪੱਤਰ ਰਾਹੀਂ ਮੰਗ ਕਰੇਗੀ ਕਿ ਸ਼ਹੀਦੀ ਖੂਹ, ਗੋਲੀਆਂ ਦੀ ਨਿਸ਼ਾਨ, ਬਾਗ਼ ਦੀਆਂ ਗਲੀਆਂ, ਦੀਵਾਰਾਂ ਦੀ ਮੂੰਹ ਬੋਲਦੀ ਇਤਿਹਾਸਕ ਦਿੱਖ ਸੰਭਾਲੀ ਜਾਵੇ। ਮਿਊਜ਼ੀਅਮ ਨੂੰ ਢੁੱਕਵਾਂ ਮੁਹਾਂਦਰਾ ਦਿੱਤਾ ਜਾਵੇ। ਲਾਈਟ ਐਂਡ ਸਾਊਂਡ ਦੀ ਸਮੱਗਰੀ ਅਤੇ ਵਿਜੂਅਲ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਲੋਕ-ਪੱਖੀ ਨਾਮਵਰ ਇਤਿਹਾਸਕਾਰਾਂ ਨਾਲ ਸਾਂਝੇ ਕੀਤੇ ਜਾਣ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਤੀਨਿੱਧ ਬਕਾਇਦਾ ਉਸ ਕਮੇਟੀ 'ਚ ਸ਼ਾਮਲ ਕੀਤੇ ਜਾਣ, ਜਿਹੜੀ ਕਮੇਟੀ ਇਤਿਹਾਸਕਤਾ ਬਰਕਰਾਰ ਰੱਖਣ ਦੀਆਂ ਮੂੰਹ-ਜ਼ੁਬਾਨੀ ਯਕੀਨ ਦਹਾਨੀਆਂ ਦੇ ਰਹੀ ਹੈ। ਜਲ੍ਹਿਆਂਵਾਲਾ ਬਾਗ਼ 'ਚ ਚੱਲ ਰਹੇ ਨਵੀਨੀਕਰਣ ਦੇ ਨਾਂਅ 'ਤੇ ਪ੍ਰੋਜੈਕਟ ਫੌਰੀ ਰੋਕੇ ਜਾਣ। ਇਤਿਹਾਸਕਾਰਾਂ ਅਤੇ ਪ੍ਰੈਸ ਨੂੰ ਜਲ੍ਹਿਆਂਵਾਲਾ ਬਾਗ਼ ਅੰਦਰ ਚੱਲ ਰਹੇ ਕੰਮ ਦਾ ਨਿਰੀਖਣ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਜਾਵੇ। ਪ੍ਰੈਸ ਦੀ ਐਂਟਰੀ 'ਤੇ ਜ਼ਬਾਨੀ ਕਲਾਮੀ ਮੜ੍ਹੀ ਪਾਬੰਦੀ ਹਟਾਈ ਜਾਵੇ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਇਹ ਚੇਤਾਵਨੀ ਵੀ ਦਿੱਤੀ ਹੈ ਕਿ ਜੇਕਰ ਇਤਿਹਾਸ ਦੇ ਵਾਰਸ ਲੋਕਾਂ ਨੂੰ ਅੱਖੋਂ ਪਰੋਖੇ ਕਰਕੇ, ਬਾਗ਼ ਨਾਲ ਛੇੜ-ਛਾੜ ਕਰਨ ਅਤੇ ਗੁੱਝੇ ਮਨਸ਼ੇ ਪਾਲਣ ਦਾ ਸਿਲਸਿਲਾ ਜਾਰੀ ਰੱਖਿਆ ਤਾਂ ਜਲ੍ਹਿਆਂਵਾਲਾ ਬਾਗ਼ ਅੰਮ੍ਰਿਤਸਰ ਪੁੱਜ ਕੇ ਰੋਸ ਮਾਰਚ ਕੀਤਾ ਜਾਏਗਾ।

ਸਤੰਬਰ ਦੇ ਮਹੀਨੇ ਬਾਬਾ ਨਾਨਕ ਦੇ 550ਵੇਂ ਜਨਮ ਦਿਹਾੜੇ ਨੂੰ ਸਮਰਪਤ ਵਿਸ਼ੇਸ਼ ਸੈਮੀਨਾਰ 'ਚ ਜਾਣੇ ਪਹਿਚਾਣੇ ਵਿਦਵਾਨਾਂ ਨੂੰ ਬੁਲਾ ਕੇ ਵਿਚਾਰ-ਚਰਚਾ ਕੀਤੀ ਜਾਏਗੀ। ਕਮੇਟੀ ਦੀ ਮੀਟਿੰਗ 'ਚ ਸਿਖਿਆਰਥੀ ਚੇਤਨਾ ਕੈਂਪ ਉਪਰ ਵੀ ਪੜਚੋਲਵੀਂ ਨਜ਼ਰ ਮਾਰੀ ਗਈ ਅਤੇ ਅੱਗੇ ਤੋਂ ਚੇਤਨਾ ਕੈਂਪ ਨੂੰ ਹਰ ਪੱਖੋਂ ਸਫ਼ਲ ਕਰਨ ਦੇ ਢੁਕਵੇਂ ਕਦਮ ਚੁੱਕਣ ਦਾ ਫੈਸਲਾ ਵੀ ਲਿਆ ਗਿਆ।

ਮੀਟਿੰਗ 'ਚ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਰਣਜੀਤ ਸਿੰਘ ਔਲਖ, ਨੌਨਿਹਾਲ ਸਿੰਘ, ਸੁਰਿੰਦਰ ਕੁਮਾਰੀ ਕੋਛੜ, ਹਰਵਿੰਦਰ ਭੰਡਾਲ, ਪ੍ਰਿਥੀਪਾਲ ਮਾੜੀਮੇਘਾ, ਚਰੰਜੀ ਲਾਲ ਕੰਗਣੀਵਾਲ ਤੇ ਸੀਤਲ ਸਿੰਘ ਸੰਘਾ ਵੀ ਹਾਜ਼ਰ ਸਨ। ਮੀਟਿੰਗ ਦੀ ਸ਼ੁਰੂਆਤ ਸੰਗਰਾਮਣ ਮਹਿੰਦਰ ਕੌਰ ਦੇ ਵਿਛੋੜੇ 'ਤੇ ਖੜ੍ਹੇ ਹੋ ਕੇ ਉਹਨਾਂ ਨੂੰ ਸ਼ਰਧਾਂਜ਼ਲੀ ਭੇਂਟ ਕਰਨ ਨਾਲ ਹੋਈ। ਕਮੇਟੀ ਨੇ ਉਹਨਾਂ ਦੀ ਇਨਕਲਾਬੀ ਘਾਲਣਾ ਨੂੰ ਸਲਾਮ ਕੀਤੀ।

# ਸੁਰੇਂਦਰ ਹੇਮ ਜਯੋਤੀ ਸਾਹਿਤਕ ਸਮਾਗਮ 28 ਨੂੰ

**ਲੁਧਿਆਣਾ (ਬਿਊਰੋ)**– ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਸੱਤਰਵਿਆਂ ਦੇ ਦੌਰ 'ਚ ਇਨਕਲਾਬੀ ਸਾਹਿਤਕ ਪੱਤ੍ਰਿਕਾ 'ਹੇਮ ਜਯੋਤੀ' ਦੇ ਸੰਪਾਦਕ ਸੁਰੇਂਦਰ ਹੇਮ ਜਯੋਤੀ ਦੀ ਯਾਦ 'ਚ ਸੂਬਾਈ ਸਾਲਾਨਾ ਯਾਦਗਾਰੀ ਸਾਹਿਤਕ ਸਮਾਗਮ 28 ਜੁਲਾਈ ਦਿਨ ਐਤਵਾਰ ਸਵੇਰੇ 10 ਵਜੇ ਪੰਜਾਬੀ ਭਵਨ ਲੁ-ਧਿਆਣਾ ਵਿਖੇ ਕੀਤਾ ਜਾ ਰਿਹਾ ਹੈ।

ਇਸ ਸਮਾਗਮ 'ਚ "ਫਾਸ਼ੀਵਾਦ, ਚੁਣੌਤੀਆਂ ਅਤੇ ਸਾਹਿਤਕਾਰਾਂ/ਰੰਗਕਰਮੀਆਂ ਦੇ ਫਰਜ਼" ਵਿਸ਼ੇ 'ਤੇ ਦਿੱਲੀ ਯੂ-ਨੀਵਰਸਿਟੀ, ਨਵੀਂ ਦਿੱਲੀ ਦੇ ਸਾਬਕਾ ਪ੍ਰੋ. ਸ਼ਮਸੁਲ ਇਸਲਾਮ ਮੁੱਖ ਵਕਤਾ ਹੋਣਗੇ। ਵਿਚਾਰ-ਚਰਚਾ ਉਪਰੰਤ ਕਵੀ ਦਰਬਾਰ ਹੋਵੇਗਾ। ਕਵੀ ਦਰਬਾਰ 'ਚ ਸੁਰਜੀਤ ਜੱਜ, ਗੁਰਭਜਨ ਗਿੱਲ, ਤ੍ਰੈਲੋਚਲ ਲੋਚੀ, ਮਹਿੰਦਰ ਸਾਥੀ, ਗੁਰਦਿਆਲ ਰੌਸ਼ਨ, ਹਾਕਮ ਰੂੜੇਕੇ, ਹਰਬੰਸ ਮਾਲਵਾ, ਪਾਲੀ ਖ਼ਾਦਿਮ, ਕਾਰਤਿਕਾ, ਅਨਿਲ ਆਦਮ, ਸ਼ਰਧਾ ਸ਼ੁਕਲਾ ਅਤੇ ਹਰਮੀਤ ਵਿਦਿਆਰਥੀ ਆਪਣੇ ਕਲਾਮ ਪੇਸ਼ ਕਰਨਗੇ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖ਼ਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖ਼ਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖ਼ਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com




ਪਾਕਿਸਤਾਨ ਦੇ ਵਿੱਤ ਮੰਤਰਾਲੇ ਦੀ ਟੀਮ ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਪਹੁੰਚੇ। ਇੱਥੇ ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਤੇ ਇਕ ਸਿੱਕਾ ਜਾਰੀ ਕਰਨ ਦਾ ਐਲਾਨ ਕੀਤਾ।ਵੀਰ ਆਤਿਕ ਗਿਲਾਨੀ ਕੇਅਰ ਟੇਕਰ ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ ਨੇ ਟੀਮ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕੀਤੇ।

# ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਵਿਚ ਵਿਦਿਆਰਥੀਆਂ ਨੂੰ ਆ ਰਹੀ ਦਿੱਕਤ ਸਰਕਾਰ ਤੁਰੰਤ ਹੱਲ ਕਰੇ: ਬਾਘਾ

**ਜਲੰਧਰ–** ਰਾਜੇਸ਼ ਬਾਘਾ ਉਪ ਪ੍ਰਧਾਨ ਭਾਜਪਾ ਪੰਜਾਬ ਅਤੇ ਸਾਬਕਾ ਚੇਅਰਮੈਨ ਐਸ. ਸੀ. ਕਮਿਸ਼ਨ ਪੰਜਾਬ ਨੇ ਕਿਹਾ ਕਿ ਪੰਜਾਬ ਵਿਚ ਅਨੁਸੂਚਿਤ ਸਮਾਜ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਲਾਭ ਮਿਲਣ ਵਿਚ ਬਹੁਤ ਦਿੱਕਤਾਂ ਆ ਰਹੀਆਂ ਹਨ ਕਿਉਂਕਿ ਉਹਨਾਂ ਦਾ ਫੰਡ ਜਾਰੀ ਨਹੀਂ ਹੋਇਆ, ਸਰਕਾਰ ਫੰਡ ਤੁਰੰਤ ਜਾਰੀ ਕਰੇ। ਉਹਨਾਂ ਸਰਕਾਰ ਦੁਆਰਾ ਰਾਜ ਦੇ ਅਨੁਸੂਚਿਤ ਜਾਤੀਆਂ ਅਤੇ ਪੱਛੜੇ ਵਰਗਾਂ ਦੇ ਪੋਸਟ ਮੈਟ੍ਰਿਕ ਵਿਦਿਆਰਥੀਆਂ ਨੂੰ ਮਿਲਣ ਵਾਲੀ ਸਕਾਲਰਸ਼ਿਪ ਸਕੀਮ ਦਾ ਲਾਭ ਨਾ



ਦੇਣ ਦਾ ਮਾਮਲਾ ਉਠਾਇਆ। ਬਾਘਾ ਨੇ ਕੇਂਦਰ ਸਰਕਾਰ ਨੂੰ 2016-17 ਅਤੇ 2017-18 ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਬੱਚਿਆਂ ਨੂੰ ਨਾ ਮਿਲਣ ਦਾ ਮਾਮਲਾ ਉਠਾਇਆ। ਉਹਨਾਂ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਪੰਜਾਬ ਦੀ 33 ਫੀਸਦੀ ਆਬਾਦੀ ਦੇ ਬੱਚਿਆਂ ਨੂੰ ਲਾਭ ਨਹੀਂ ਮਿਲ ਰਿਹਾ। ਸਕਾਲਰਸ਼ਿਪ ਨਾ ਮਿਲਣ ਦੇ ਕਾਰਨ ਹਜ਼ਾਰਾਂ ਵਿਦਿਆਰਥੀ ਸਿੱਖਿਆ ਸੰਸਥਾਵਾਂ ਤੋਂ ਨਿਰਾਸ਼ ਹੋ ਕੇ ਸਿੱਖਿਆ ਛੱਡਣ 'ਤੇ ਮਜਬੂਰ ਹੋ ਰਹੇ ਹਨ ਅਤੇ ਜੋ ਕਾਲਜ ਜਾਂ ਯੂਨੀਵਰਸਿਟੀ ਇਸ ਸਕੀਮ ਨੂੰ ਲਾਗੂ ਨਹੀਂ ਕਰ ਰਹੀ, ਉਹਨਾਂ 'ਤੇ ਸਖਤੀ ਨਾਲ ਲਾਗੂ ਕਰਵਾਇਆ ਜਾਵੇ।

## ਸੋਨਭੱਦਰ ਕੋਈ ਵੱਡੀ ਘਟਨਾ ਨਹੀਂ: ਡਾ.ਦਿਨੇਸ਼ ਸ਼ਰਮਾ

**ਲਖਨਊ–** ਸੋਨਭੱਦਰ ਵਿਚ ਦਿਨ ਦਿਹਾੜੇ ਗੋਲੀਆਂ ਨਾਲ ਭੁੰਨ ਕੇ 10 ਆਦਿਵਾਸੀ ਦਲਿਤ ਕਿਸਾਨਾਂ ਦੀ ਹੱਤਿਆ ਹਾਲੇ ਭੁੱਲੀ ਨਹੀਂ ਸੀ ਕਿ ਯੂ. ਪੀ. ਦੇ ਉਪ ਮੁੱਖ ਮੰਤਰੀ ਡਾ. ਦਿਨੇਸ਼ ਸ਼ਰਮਾ ਦੇ ਬਿਆਨ ਨੇ ਸਿਆਸਤ ਵਿਚ ਭੂਚਾਲ ਲਿਆ ਦਿੱਤਾ। ਯੂ. ਪੀ. ਵਿਧਾਨ ਸਭਾ ਦਾ ਸੈਸ਼ਨ ਰੱਦ ਹੋਣ ਤੋਂ ਬਾਅਦ ਵਿਧਾਨ ਸਭਾ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿਨੇਸ਼ ਸ਼ਰਮਾ ਨੇ ਸੋਨਭੱਦਰ ਹੱਤਿਆਕਾਂਡ ਨੂੰ ਮਾਮੂਲੀ ਘਟਨਾ ਕਰਾਰ ਦਿੱਤਾ। ਡਾ. ਸ਼ਰਮਾ ਨੇ ਕਿਹਾ ਕਿ ਸੋਨਭੱਦਰ ਹੱਤਿਆਕਾਂਡ ਦੇ ਜ਼ਰੀਏ ਕਾਂਗਰਸ ਪ੍ਰਦੇਸ਼ ਵਿਚ ਆਪਣੀ ਜ਼ਮੀਨ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਵਿਚ ਉਹ ਸਫਲ ਨਹੀਂ ਹੋਵੇਗੀ। ਇੰਨਾ ਹੀ ਨਹੀਂ ਇਸ ਤੋਂ ਅੱਗੇ ਵੱਧ ਕੇ ਡਾ. ਸ਼ਰਮਾ ਨੇ ਆਦਿਵਾਸੀਆਂ ਦੇ ਜ਼ਮੀਨ ਮਾਲਕ ਹੋਣ ਤੇ ਸਵਾਲ ਖੜ੍ਹਾ ਕਰਦੇ ਹੋਏ ਕਿਹਾ ਕਿ ਆਦਿਵਾਸੀ ਅਤੇ ਦਲਿਤ ਕਦੋਂ ਤੋਂ ਜ਼ਮੀਨ ਦੇ ਮਾਲਕ ਹੋ ਗਏ। ਪ੍ਰਾਚੀਨ ਕਾਲ ਤੋਂ ਇਹਨਾਂ ਦਾ ਕੰਮ ਸਫਾਈ ਕਰਨਾ ਅਤੇ ਬੇਗਾਰ ਕਰਨਾ ਰਿਹਾ ਹੈ।



# ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ ਵਿਖੇ 'ਵਰਸਾਵਾਸ਼' ਆਰੰਭ







**ਜਲੰਧਰ–** ਭਿਖਸ਼ੂ ਸੰਘ ਅਤੇ ਭਿਖਣੀ ਸੰਘ ਵੱਲੋਂ ਤਕਸ਼ਿਲਾ ਮਹਾਂਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ 'ਵਰਸ਼ਾਵਾਸ' ਸ਼ੁਰੂ ਹੋ ਗਿਆ ਹੈ, ਜੋ ਤਿੰਨ ਮਹੀਨੇ ਚਲਦਾ ਰਹੇਗਾ। ਭਿਖਸ਼ੂ ਸੰਘ ਦੇ ਸੀਨੀਅਰ ਭਿਖਸ਼ੂ ਦਰਸ਼ਨਦੀਪ (ਬਰੇਲੀ, ਯੂ. ਪੀ.), ਭਿਖਸ਼ੂ ਪ੍ਰਗਿਆਬੋਧੀ ਇੰਚਾਰਜ ਤਕਸ਼ਿਲਾ ਮਹਾਂਬੁੱਧ ਵਿਹਾਰ ਲੁਧਿਆਣਾ, ਭਿਖਸ਼ੂ ਜਗਤਾਨੰਦ, ਭਿਖਸ਼ੂ ਚੰਦਰ ਕੀਰਤੀ (ਤਰਖਾਣ ਮਾਜਰਾ) ਅਤੇ ਭਿਖਣੀ ਜਸ਼ੋਧਰਾ ਦੀ ਰਹਿਨਮਾਈ ਵਿਚੋਂ 15 ਭਿਖਸ਼ੂ ਅਤੇ ਭਿਖਣੀਆਂ ਵੱਲੋਂ ਇਹ 13ਵਾਂ 'ਵਰਸ਼ਾਵਾਸ'ਪੰਜਾਬ ਵਿਚ ਸ਼ੁਰੂ ਕੀਤਾ ਗਿਆ। ਭਿਖਸ਼ੂ ਪ੍ਰਗਿਆ ਬੋਧੀ ਜੀ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਤਕਸ਼ਿਲਾ ਮਹਾਂਬੁੱਧ ਵਿਹਾਰ ਲੁਧਿਆਣਾ ਪੰਜਾਬ ਦੇ ਬੋਧੀ ਭਾਈਚਾਰੇ ਦਾ ਕੇਂਦਰ ਹੈ ਅਤੇ ਬੁੱਧ ਪ੍ਰੰਪਰਾ ਅਨੁਸਾਰ 13ਵਾਂ 'ਵਰਸ਼ਾਵਾਸ' ਸ਼ੁਰੂ ਕੀਤਾ ਗਿਆ ਹੈ, ਜਿਸ ਵਿਚ ਸ਼ਰਧਾਵਾਨ ਉਪਾਸ਼ਕ ਅਤੇ ਉਪਾਸਕਾਵਾਂ ਵੱਲੋਂ ਭਿਖਸ਼ੂ ਸੰਘ ਦੀ ਸੇਵਾ ਕੀਤੀ ਜਾਂਦੀ ਹੈ। ਇਸ ਵਿਚ ਦੁੱਧ, ਫਲ, ਭੋਜਨ, ਚੀਵਰ ਅਤੇ ਖੀਰ ਭਿਖਸ਼ੂਆਂ ਨੂੰ ਦਿੱਤੀ ਜਾਂਦੀ ਹੈ। ਮੀਂਹ (ਵਰਸ਼ਾ) ਦੇ ਤਿੰਨ ਮਹੀਨਿਆਂ ਵਿਚ ਭਿਖਸ਼ੂ ਇਕ ਥਾਂ ਬੈਠ ਕੇ ਧੰਮ ਚਰਚਾ ਕਰਦੇ ਹਨ ਅਤੇ ਮਾਨਵ ਕਲਿਆਣ ਲਈ ਪ੍ਰਵਚਨ ਕਰਦੇ ਹਨ। ਭਗਵਾਨ ਬੁੱਧ ਦੇ ਆਦੇਸ਼ਾਂ ਅਨੁਸਾਰ ਵਰਸ਼ਾਵਾਸ ਦੀ ਪ੍ਰੰਪਰਾ ਹਰ ਸਾਲ ਨਿਭਾਈ ਜਾਂਦੀ ਹੈ। ਇਸ ਮੌਕੇ ਤੇ ਉਪਾਸਕ ਵਿਜੈ ਚੰਦਰਾ ਨੇ ਭਗਵਾਨ ਬੁੱਧ ਦੀ ਮੂਰਤੀ ਦੀ ਸਥਾਪਨਾ ਵੀ ਕਰਵਾਈ। ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਡਾ. ਅੰਬੇਡਕਰ ਨਵਯੁਵਕ ਦਲ ਲੁਧਿਆਣਾ ਅਤੇ ਭੀਮ ਜੋਤੀ ਸੇਵਾ ਸੁਸਾਇਟੀ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਭਿਖਸ਼ੂ ਸੰਘ ਦੀ ਸੇਵਾ ਤਨ, ਮਨ, ਧੰਨ ਨਾਲ ਕਰਨ ਦਾ ਭਰੋਸਾ ਦਿਵਾਇਆ। ਸ੍ਰੀ ਰਾਮਦਾਸ ਗੁਰੂ, ਮਨੋਜ ਕੁਮਾਰ, ਵਿਨੋਦ ਕੁਮਾਰ ਬੋਧ, ਐਡਵੋਕੇਟ ਕੁਲਵੰਤ ਸਿੰਘ, ਸ਼ਾਮ ਲਾਲ, ਗੁਰਮੀਤ ਸਿੰਘ, ਓਮ ਪ੍ਰਕਾਸ਼ ਬੋਧ, ਵਿਜੈ ਕੁਮਾਰ ਅਤੇ ਸ੍ਰੀਮਤੀ ਜੋਤੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।







# ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦਾ ਦੇਹਾਂਤ

**ਨਵੀਂ ਦਿੱਲੀ–** ਦਿੱਲੀ ਦੀ ਮੁੱਖ ਮੰਤਰੀ ਵਜੋਂ 15 ਸਾਲ ਲਗਾਤਾਰ ਰਾਜ ਕਰਨ ਵਾਲੀ ਦਿੱਲੀ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸ਼ੀਲਾ ਦੀਕਸ਼ਿਤ ਦਾ ਇੱਥੋਂ ਦੇ ਐਸਕਾਰਟਸ ਹਸਪਤਾਲ ਵਿੱਚ ਦਿਹਾਂਤ ਹੋ ਗਿਆ। ਉਹ 81 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਪੁੱਤਰ ਸੰਦੀਪ ਦੀਕਸ਼ਤ ਤੇ ਧੀ ਲਤਿਕਾ ਸੱਯਦ ਤੇ ਭਰਿਆ ਪਰਿਵਾਰ ਛੱਡ ਗਈ ਹੈ। ਕਾਂਗਰਸ ਦੀ ਦਿੱਲੀ ਇਕਾਈ ਨੇ ਦੱਸਿਆ ਸ਼ੀਲਾ ਦੀਕਸ਼ਿਤ ਦੀ ਦੇਹ ਨੂੰ ਅੰਤਿਮ ਦਰਸ਼ਨਾਂ ਲਈ ਉਨ੍ਹਾਂ ਦੀ ਪੂਰਬੀ ਨਿਜ਼ਾਮੂਦੀਨ ਸਥਿਤ ਰਿਹਾਇਸ਼ ’ਤੇ ਰੱਖਿਆ ਗਿਆ ਹੈ। ਉਨ੍ਹਾਂ ਦਾ ਅੰਤਿਮ ਸੰਸਕਾਰ ਐਤਵਾਰ ਨੂੰ ਨਿਗਮਬੋਧ ਘਾਟ ’ਤੇ ਐਤਵਾਰ ਨੂੰ ਕੀਤਾ ਜਾਵੇਗਾ। ਦਿੱਲੀ ਵਿੱਚ ਦੋ ਦਿਨਾਂ ਸਰਕਾਰੀ ਸੋਗ ਦਾ ਐਲਾਨ ਕੀਤਾ ਗਿਆ ਹੈ।

ਸ੍ਰੀਮਤੀ ਦੀਕਸ਼ਿਤ ਨੂੰ ਬਾਅਦ ਦੁਪਹਿਰ ਸਵਾ ਤਿੰਨ ਵਜੇ ਦੇ ਕਰੀਬ ਦਿਲ ਦਾ ਦੌਰਾ ਪਿਆ ਤੇ ਉਨ੍ਹਾਂ ਨੂੰ ਵੈਂਟੀਲੇਟਰ ਉਪਰ ਰੱਖਿਆ ਗਿਆ ਪਰ 3.55 ਵਜੇ ਉਨ੍ਹਾਂ ਦਾ ਦਿਹਾਂਤ ਹੋ ਗਿਆ। ਹਸਪਤਾਲ ਦੇ ਡਾਕਟਰਾਂ ਨੇ ਦੱਸਿਆ ਕਿ ਸ੍ਰੀਮਤੀ ਦੀਕਸ਼ਿਤ ਨੂੰ ਦਿਲ ਦਾ ਦੌਰਾ ਪੈਣ ਮਗਰੋਂ ਗੰਭੀਰ ਹਾਲਤ ਵਿੱਚ ਹਸਪਤਾਲ ਲਿਆਂਦਾ ਗਿਆ ਪਰ ਬਚਾਇਆ ਨਾ ਜਾ ਸਕਿਆ। ਉਹ ਪਿਛਲੇ ਕੁੱਝ ਸਮੇਂ ਤੋਂ ਬਿਮਾਰ ਚੱਲ ਰਹੀ ਸੀ ਤੇ ਪਹਿਲਾਂ ਵੀ ਉਨ੍ਹਾਂ ਦੇ ਅਪਰੇਸ਼ਨ ਹੋ ਚੁੱਕੇ ਸਨ। ਪੰਜਾਬ ਦੇ ਕਪੂਰਥਲਾ ਦੇ ਵਿੱਚ 31 ਮਾਰਚ 1938 ਨੂੰ ਜੰਮੀ ਸ਼ੀਲਾ ਨੇ ਸਿੱਖਿਆ ਦਿੱਲੀ ਦੇ ਜੀਸਸ ਐਂਡ ਮੇਰੀ ਸਕੂਲ ਤੋਂ ਸ਼ੁਰੂ ਕੀਤੀ ਤੇ ਫਿਰ ਮਿਰਾਂਡਾ ਹਾਊਸ ਤੋਂ ਐਮਏ. ਕੀਤੀ। ਉਨ੍ਹਾਂ ਦਾ ਵਿਆਹ ਕਾਂਗਰਸੀ ਨੇਤਾ ਉਮਾ ਸ਼ੰਕਰ ਦੀਕਸ਼ਿਤ ਦੇ ਆਈਏਐੱਸ ਪੁੱਤਰ ਵਿਨੋਦ ਦੀਕਸ਼ਿਤ ਨਾਲ ਹੋਇਆ। 1984 ਵਿੱਚ ਉਹ ਕਨੌਜ ਤੋਂ ਲੋਕ ਸਭਾ ਲਈ ਚੁਣੀ ਗਈ ਸੰਸਦੀ ਕਾਰਜ ਮੰਤਰੀ ਬਣੀ ਫਿਰ ਪ੍ਰਧਾਨ ਮੰਤਰੀ ਦਫ਼ਤਰ ਦੀ ਰਾਜ ਮੰਤਰੀ ਵੀ ਬਣੀ। ਉਹ 1998 ਤੋਂ ਲੈ ਕੇ 2013 ਤਕ ਦਿੱਲੀ ਦੀ ਲਗਾਤਾਰ ਤਿੰਨ ਵਾਰ ਮੁੱਖ ਮੰਤਰੀ ਰਹੀ ਪਰ 2013 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਹ ਅਰਵਿੰਦ ਕੇਜਰੀਵਾਲ ਤੋਂ ਹਾਰ ਗਈ ਸੀ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਯੂਪੀਏ ਦੀ ਚੇਅਰਪਰਸਨ ਸ੍ਰੀਮਤੀ ਸੋਨੀਆ ਗਾਂਧੀ ਅਤੇ ਸੰਸਦ ਦੇ ਸਪੀਕਰ ਓਮ ਬਿਰਲਾ ਨੇ ਪੂਰਬੀ ਨਿਜ਼ਾਮੂਦੀਨ ਸਥਿਤ ਰਿਹਾਇਸ਼ ’ਤੇ ਪਹੁੰਚ ਕੇ ਮਰਹੂਮ ਸ਼ੀਲਾ ਦੀਕਸ਼ਿਤ ਨੂੰ ਸ਼ਰਧਾਂਜਲੀ ਭੇਟ ਕੀਤੀ। ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਦਿਹਾਂਤ ’ਤੇ ਰਾਸ਼ਟਰਪਤੀ ਰਾਮਨਾਥ ਕੋਵਿੰਦ, ਉੱਪ ਰਾਸ਼ਟਰਪਤੀ ਵੈਂਕਈਆ ਨਾਇਡੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਯੂਪੀਏ ਦੀ ਚੇਅਰਪਰਸਨ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਕਾਂਗਰਸੀ ਨੇਤਾ ਰਾਹੁਲ ਗਾਂਧੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਇਲਾਵਾ ਹੋਰ ਪ੍ਰਮੁੱਖ ਨੇਤਾਵਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ ਨੇ ਕਿਹਾ ਕਿ ਰਾਜਧਾਨੀ ਦੇ ਕੀਤੇ ਵਿਕਾਸ ਕੰਮਾਂ ਲਈ ਦਿੱਲੀ ਦੀ ਜਨਤਾ ਸ੍ਰੀਮਤੀ ਦੀਕਸ਼ਿਤ ਨੂੰ ਹਮੇਸ਼ਾ ਯਾਦ ਰੱਖੇਗੀ।ਉਪ-ਰਾਸ਼ਟਰਪਤੀ ਸ੍ਰੀ ਵੈਂਕਈਆ ਨਾਇਡੂ ਨੇ ਉਨ੍ਹਾਂ ਨੂੰ ਇੱਕ ਵਧੀਆ ਪ੍ਰਸ਼ਾਸਕ ਕਰਾਰ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਰਾਹੀਂ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ੍ਰੀਮਤੀ ਦੀਕਸ਼ਿਤ ਨੇ ਦਿੱਲੀ ਦੇ ਵਿਕਾਸ ਲਈ ਜ਼ਿਕਰਯੋਗ ਯੋਗਦਾਨ ਪਾਇਆ। ਸ੍ਰੀਮਤੀ ਸ਼ੀਲਾ ਦੀਕਸ਼ਿਤ ਨੂੰ ’ਕਾਂਗਰਸ ਦੀ ਪਿਆਰੀ ਧੀ’ ਦੱਸਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣ ਕੇ ਉਹ ਦੁਖੀ ਹਨ।

## ‘ਸੁਪਰ 30’ ਫਿਲਮ ਵਿਦਿਆਰਥੀ ਵਰਗ ਨੂੰ ਵਧੀਆ ਸੇਧ ਦੇਵੇਗੀ




**ਬਟਾਲਾ–** ਬੀਤੇ ਦਿਨੀ ਰਲੀਜ਼ ਹੋਈ ਫਿਲਮ ਸੁਪਰ 30 ਦੇ ਟ੍ਰੇਲਰ ਤੋ ਹੀ ਵਿਦਿਆਰਥੀ ਵਰਗ ਵਿਚ ਤਮੰਨਾ ਸੀ ਕਿ ਇਸ ਫਿਲਮ ਨੂੰ ਵੇਖਿਆ ਜਾਵੇ। 12 ਜੁਲਾਈ ਨੂੰ ਫਿਲਮ ਰਲੀਜ਼ ਹੋਣ ਉਪਰੰਤ ਪ੍ਰਿੰਸੀਪਲ ਰਵਿੰਦਰਪਾਲ ਸਿੰਘ ਚਾਹਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਰ (ਗੁਰਦਾਸਪੁਰ) ਨੇ ਸਕੂਲ ਦੇ ਗਿਆਰਵੀ ਤੇ ਬਾਰਵੀ ਦੇ ਵਿਦਿਆਰਥੀਆਂ ਨੂੰ ਫਿਲਮ ਵਿਖਾਉਣ ਦਾ ਉਪਰਾਲਾ ਕੀਤਾ। ਵਿਦਿਆਰਥੀਆਂ ਨੇ ਇਸ ਫਿਲਮ ਬਾਰੇ ਆਪਣੇ ਵਿਚਾਰ ਵੀ ਦੱਸੇ ਤੇ ਕਿਹਾ ਇਹ ਫਿਲਮ ਵਿਦਿਆਰਥੀਆਂ ਵਾਸਤੇ ਇਕ ਸੁਨੇਹਾ ਹੈ ਕਿ ਸਿਰਫ ਅਮੀਰਾਂ ਵਾਸਤੇ ਹੀ ਸਿਖਿਆ ਨਹੀ ਹਰ ਕੋਈ ਮਿਹਨਤ ਕਰਕੇ ਕਾਮਯਾਬ ਹੋ ਸਕਦਾ ਹੈ। ਵਿਦਿਆਰਥੀ ਵਰਗ ਵਾਸਤੇ ਇਕ ਮੋਟੀਵੇਟਰ ਦਾ ਕੰਮ ਕਰੇਗੀ ਇਹ ਫਿਲਮ ।

ਇਸ ਵਾਸਤੇ ਹਰ ਇਕ ਵਿਦਿਆਥੀ ਨੂੰ ਇਹ ਫਿਲਮ ਵੇਖਣੀ ਚਾਹੀਦੀ ਹੈ। ਸਿਖਿਆ ਵਿਭਾਗ ਪੰਜਾਬ ਨੂੰ ਚਾਹੀਦਾ ਹੈ ਕਿ ਹਰ ਅਧਿਆਪਕ ਤੇ ਹਰ ਸਰਕਾਰੀ ਸਕੂਲ ਵਿਚ ਪੜਦੇ ਵਿਦਿਆਰਥੀ ਨੂੰ ਇਹ ਫਿਲਮ ਆਪਣੇ ਖਰਚੇ ਤੇ ਦਿਖਾਏ। ਅਧਿਆਪਕਾਂ ਦੇ ਵਿਚਾਰਾ ਵਿਚ ਇਹ ਇਹ ਫਿਲਮ ਮੋਟੀਵੇਟਰ ਦਾ ਕੰਮ ਕਰੇਗੀ।

## ਸਿੱਖ ਆਰਟਸ ਐਂਡ ਕਲਚਰਲ ਐਸੋਸੀਏਸ਼ਨ ਵੱਲੋਂ 130 ਮੀਲ ਲੰਬੀ ਚੈਰਿਟੀ ਸਾਈਕਲ ਯਾਤਰਾ ਦਾ ਆਯੋਜਨ

**ਲੰਡਨ (ਮਨਦੀਪ ਖੁਰਮੀ)** ਸਿੱਖ ਆਰਟਸ ਐਂਡ ਕਲਚਰਲ ਐਸੋਸੀਏਸ਼ਨ (ਸਾਕਾ) ਵੱਲੋ ਕਰਵਾਈ ਗਈ 130 ਮੀਲ ਲੰਬੀ ਚੈਰਿਟੀ ਸਾਈਕਲ ਯਾਤਰਾ ਬਰਮਿੰਘਮ ਤੋਂ ਚੱਲਕੇ ਅੱਜ ਸਾਊਥਾਲ ਪਾਰਕ ਵਿੱਖੇ ਸਮਾਪਤ ਹੋਈ। ਲਗਭਗ ਸੌ ਕੁ ਸਾਈਕਲ ਚਾਲਕ 18 ਜੁਲਾਈ ਸਵੇਰੇ ਅੱਠ ਵਜੇ ਬਰਮਿੰਘਮ ਦੇ ਸਮੈਦਿਕ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਕਰਕੇ ਕਵੈਂਟਰੀ, ਡਾਵੈਂਟਰੀ, ਅਤੇ ਮਿਲਟਨ ਕੀਨ ਹੁੰਦੇ ਹੋਏ ਰਾਤ ਨੂੰ ਲੂਟਨ ਪਹੁੰਚੇ। ਰਾਤ ਗੁਰਦੁਆਰਾ ਸਾਹਿਬ ਵਿਖੇ ਰੁਕਣ ਤੋਂ ਬਾਅਦ 19 ਜੁਲਾਈ ਨੂੰ ਸੇਂਟ ਅਲਬਾਨਜ, ਰੈਡਲੈਂਟ, ਐਲਸਟਰੀ ਅਤੇ ਹੈਰੋਅ ਹੁੰਦੇ ਹੋਏ ਸਾਊਥਾਲ ਪਹੁੰਚੇ। ਸਾਰੇ ਚਾਲਕ, ਵਾਲੰਟੀਅਰ, ਪ੍ਰਬੰਧਕ ਬਰ-ਾਡਵੇਅ ’ਤੇ ਡੀ ਜੇ ਲਾਕੇ ਭੰਗੜੇ ਪਾਉਂਦੇ ਹੋਏ ਸਾਊਥਾਲ ਪਾਰਕ ਵਿੱਚ ਗਏ, ਜਿੱਥੇ ਸਾਰੇ ਚਾਲਕਾ ਨੂੰ ਮੈਡਲ ਦੇਕੇ ਸਨਮਾਨਿਤ ਕੀਤਾ ਗਿਆ।








ਸਾਕਾ ਵੱਲੋ ਬੌਬੀ, ਹਾਰਮੀ, ਪਾਲਾ ਤੇ ਦੇਵ ਨੇ ਦੱਸਿਆ ਕਿ ਇਹ ਯਾਤਰਾ ਪਿਛਲੇ 35 ਵਰਿਆਂ ਤੋਂ ਲਗਾਤਾਰ ਚਲ ਰਹੀ ਹੈ ਤੇ ਹੁਣ ਤੱਕ ਬੱਚਿਆਂ ਦੀਆਂ ਚੈਰਿਟੀਆਂ ਲਈ ਛੇ ਲੱਖ ਤੋਂ ਵੱਧ ਪਾਊਂਡ ਇੱਕਠੇ ਕੀਤੇ ਜਾ ਚੁੱਕੇ ਹਨ। ਪਿਛਲੇ ਸਾਲ ਬਰਮਿੰਘਮ ਚਿਲਡਰਨ ਹਾਸਪੀਟਲ ਲਈ ਵੀਹ ਹਜਾਰ ਪਾਉਂਡ ਇਕੱਤਰ ਹੋਏ ਸਨ। ਇਸ ਵਾਰ ਦੇ ਦਾਨ ਨਾਲ "ਸਾਕਾ ਸਮਾਈਲ ਬੱਸ" ਖਰੀਦੀ ਜਾਵੇਗੀ ਜਿਹੜੀ ਕਿ ਡਿਸਬਿਲਟੀ ਚੈਰਿਟੀਜ ਲਈ ਵਰਤੀ ਜਾਵੇਗੀ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376



ਘਰ ਅਤੇ ਦਫਤਰ ਨੂੰ ਫਰਨੀਚਰ ਨਾਲ ਸਜਾਉਣਾ ਹੋਇਆ ਹੁਣ ਹੋਰ ਸਸਤਾ
Todo disponible
Compre Hoy y Recoja el mismo dia
GRANDES ESPECIALES
TODO EL VERANO
SI MENCIONA ESTE ANUNCIO
Liquidation Outlet
www.thebargainoutlet.com
NO CREDIT CHECK
Mayoreo y Menudeo
LLEVATELO CON $40 DE ENGANCHE
LIQUIDATION OUTLET
Stockton 209-467-8650 Modesto 209-581-9606
Room Dividers - Black and Natural Wood $49.99
LIMITED TIME OFFER
5PC RECLINER SET 999.99 TAX
W/3PC COFFEE AND END TABLS 2LAMPS AND A RUG
Queen Bed Mattress Included $399.99
Liquidation Collection
FREE RUG!
$599.99+tax
4pc Sectional FREE RUG! IN STOCK! $519.99+tax
5pc Pub Set Table - 4 Chairs $239.99
www.TheBargainOutlet.com
Heavy Duty with 2 Leaves
7pc Dining Set Table-6 Chairs $689.99+tax
Wood Kids Twin Full Bunk Bed Under Storage / Mattresses Included $559.99
Limited Time Special Order!
Large Futon - Heavy Duty $189.99+tax
Cherry Queen or Full Bed Night-Stand Dresser Mirror $499.99
IN STOCK!
FREE RUG!
7pc Dinette Set Table - 6 Chairs $529.99+tax
IN STOCK!
ALWAYS IN STOCK & the LOWEST PRICES!
In Stock!
DINING ROOM SET
SUPER SPECIAL Package Deal
www.TheBargainOutlet.com $1199.99+tax
Pub Table 4 Chairs and Bench $429.99+TAX
IN STOCK!
DOUBLE FLIP PILLOW TOP
Box and Mattress
TWIN $169.99 QUEEN $249.99
FULL $209.99 KING $309.99
TAPETE GRATIS
CON VALOR DE $60
EN CUALQUIER COMPRA DE $500 O MAS
TAPETE DE 5X8
Twin Bunkie $65.99+tax
Twin box and Mattress $109.99+tax
Full box and Mattress $139.99+tax
Queen box and Mattress $169.99+tax
King box and Mattress $229.99+tax
IN STOCK!
SUPER Mattress SALE
3pc Coffee Table Set
5pc MINI SECTIONAL W/3PC GLASS Set 449.99
Stoves Starting at $199.99
Free Coat-Rack
Refrigerators Starting at $199.99+tax
ESPECIAL DE LAS LAVADORAS
Washers & Dryers Starting at $399.99
IN STOCK!
WE MEET OR BEAT ANY PRICES
2301 Fairview Dr # A, Ceres, CA 95307 • 528 E. Weber Ave. Stockton CA 95202
Ceres (209)581-9606 Stockton (209) 467-8650

# Kashmiri Bhatia and Family Blessed with a New Home

Mr. Kashmiri Bhatia and Kamaljit Kaur Bhatia, a truly dedicated family to the preachings of Shri Guru Granth Sahib Ji have been blessed with a new home of their dreams in Gilroy California. As a humble expression of their thanks to Akalpurkh for His sublime blessings, the family hosted three days recitation of Akhand Path ending with Bhog ceremony on July 20th, 2019. More than two hundred people of our congregation from different parts of California participated in this religious ceremony held at their new home. The Bhog ceremony was followed by Shabad Kirtan by Bhai Gurnam Singh and Bhai Om Pal Singh (Gurughar Jatha Sri Guru Ravidass Temple Pittsburg, CA) and Bhai Manmohan Singh & Bibi Amrit Kaur of San Jose, Bhai Joginder Singh Delhi wale, Bibi Kamaljit Kaur Bhatia, Bibi Savita Nayyar of New Delhi, Bibi Gina Bhatia, Bibi Satnam Kaur & Bibi Pinder Kaur.

The host family welcomed the participating guests with honor and humility and thanked for their participation which added to the sanctity and elegance of this religious ceremony, serving them with a delicious and a sumptuous langar.

The following prominent speakers from the community also conveyed their congratulations to the Bhatia family individually on buying the new home with the grace of Almighty God.

O.P. Balley, Dr. Harmesh Kumar & Prem Kumar Chumber

Mr. O.P. Balley, being a very close associate of the Bhatia family, admired the entire family for the hard work and the untiring efforts of their ancestors who worked day and night and planted the tree which is bearing its fruits today.

I was amazed to see that after such a strenuous hard work of hosting the ceremony at their home on Saturday, Mr. and Mrs. Kashmiri Bhatia were seen at Pittsburg Guru Ghar to participate in this Sunday program. It simply speaks of their devotion and humility to Guru Ghar of which Mr. Kashmiri Bhatia has the honor to be the president.

Mr. Kashmiri Bhatia and Mrs. Kamaljit Kaur Bhatia who are blessed with a flourishing success in their other business endeavors are always helpful inimproving the image and the stature of our Guru Ghar.

I can't hesitate to admire the professional services of Mr. Prem Kumar Chumber, Chief Editor, Ambedkar Times (English) and Desh Doaba (Punjabi) for his presence to cover almost every community event for publication. Mr. Chumber who keeps up his constant communication with me almost every day provides me the inspiration and the courage to contribute to his esteemed weekly newspapers. He needs full support and encouragement from the community for his selfless services.

**Sewadar,**
**O.P.Balley (Founder member)**
**Sri Guru Ravidass Sabha, Pittsburg (CA)**

















All pictures by Prem K. Chumber www.ambedkartimes.com


# Kashmiri Bhatia and Family Blessed with a New Home









All pictures by
Prem K. Chumber
www.ambedkartimes.com













# Kashmiri Bhatia and Family Blessed with a New Home














All pictures by
Prem K. Chumber
www.ambedkartimes.com



Bhatia Family

# Kashmiri Bhatia and Family Blessed with a New Home









All pictures by
Prem K. Chumber www.ambedkartimes.com




KB USED
AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust




ਭਾਈ ਸਤੀਸ਼ ਕੁਮਾਰ ਜੀ, ਜੋ ਬੀਤੇ ਬੁੱਧਵਾਰ ਨੂੰ ਸ਼ਾਮੀ 7 ਵਜੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਪਹੁੰਚੇ, ਜਿੱਥੇ ਉਹਨਾਂ ਨੇ ਸ਼ਬਦ ਕੀਰਤਨ ਕੀਤਾ, ਜਿਸਨੂੰ ਸੰਗਤ ਨੇ ਮਨ, ਚਿੱਤ ਦੀ ਇਕਾਗਰਤਾ ਨਾਲ ਸੁਣਿਆ। ਉਹ ਇਸ ਵਕਤ ਨਿਊਯਾਰਕ ਵਿਚ ਹਨ। ਇਸ ਉਪਰੰਤ ਅਗਲੇ ਹਫਤੇ ਉਹ ਬੇ-ਏਰੀਆ ਪਹੁੰਚਣਗੇ। ਉਹਨਾਂ ਦੇ ਆਉਣ 'ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਫਕੀਰ ਮਹਿਮੀ ਨੇ ਸਵਾਗਤ ਕੀਤਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਾਵਣ ਮਹੀਨੇ ਦੀ ਸੰਗਰਾਂਦ ਮਨਾਈ ਗਈ





**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 16 ਜੁਲਾਈ ਦਿਨ ਮੰਗਲਵਾਰ ਨੂੰ ਸ਼ਾਮ ਦੇ ਦੀਵਾਨਾਂ ਵਿਚ ਸਾਵਣ ਮਹੀਨੇ ਦੀ ਸੰਗਰਾਂਦ ਮਨਾਈ ਗਈ, ਜਿਸ ਵਿਚ 16 ਜੁਲਾਈ ਦਿਨ ਮੰਗਲਵਾਰ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ, ਬਾਰਾ ਮਾਹਾ ਮਾਝ ਮਹੱਲਾ 4 ਬਾਣੀਆਂ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਪੰਥ ਦੇ ਮਹਾਨ ਢਾਡੀ ਭਾਈ ਹਰਬੰਸ ਸਿੰਘ ਬਿਲਗਾ ਜੀ ਨੇ ਢਾਡੀ ਭਾਈ ਹਰਬੰਸ ਸਿੰਘ ਬਿਲਗਾ ਜੀ ਨੇ ਢਾਡੀ ਬਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ ਹੈਡ ਕੈਸ਼ੀਅਰ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਸਾਵਣ ਮਹੀਨੇ ਦੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਭਾਈ ਸੁਰਿੰਦਰ ਸਿੰਘ ਸਰੋਆ, ਬੀਬੀ ਸ਼ਹਿਦ ਕੌਰ ਸਰੋਆ ਪਰਿਵਾਰ ਵੱਲੋਂ 28 ਜੁਲਾਈ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਜਾਵੇਗੀ।



# 'ਸਾਂਵਲੀ' ਸਿੰਗਲ ਟਰੈਕ 26 ਜੁਲਾਈ ਨੂੰ ਹੋਵੇਗਾ ਰਿਲੀਜ਼: ਅਵਤਾਰ ਲਾਖਾ



**ਜਲੰਧਰ–** ਲੋਪੋਕੇ ਬ੍ਰਦਰਜ਼ ਦਾ ਨਵਾਂ ਸਿੰਗਲ ਟਰੈਕ 'ਸਾਂਵਲੀ' ਟੋਟਲ ਇੰਟਰਟੇਨਮੈਂਟ ਯੂ. ਐਸ. ਏ. ਵੱਲੋਂ 26 ਜੁਲਾਈ 2019 ਨੂੰ ਰਿਲੀਜ਼ ਕੀਤਾ ਜਾ ਰਿਹਾ ਹੈ। ਇਸ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰੋਡਿਊਸਰ ਅਵਤਾਰ ਲਾਖਾ ਨੇ ਅਦਾਰਾ ਦੇਸ਼ ਦੁਆਬਾ ਨੂੰ ਦੱਸਿਆ ਕਿ ਇਸ ਸਿੰਗਲ ਟਰੈਕ ਦਾ ਗੀਤਕਾਰ ਨਿਸ਼ਾਨ ਹੰਸ ਹੈ ਅਤੇ ਸੰਗੀਤ ਆਰ. ਬੀ. ਨੇ ਤਿਆਰ ਕੀਤਾ ਹੈ। ਵੀਡੀਓ ਲੈਂਜ਼ ਨੇਸ਼ਨ ਮੀਡੀਆ ਨੇ ਤਿਆਰ ਕੀਤਾ ਹੈ, ਜਿਸ ਨੂੰ ਪੰਜਾਬੀ ਟੀ. ਵੀ. ਚੈਨਲਾਂ ਦੇ ਨਾਲ ਨਾਲ ਯੂ.-ਟਿਊਬ 'ਤੇ ਵੀ ਚਲਾਇਆ ਜਾਵੇਗਾ।

ਪ੍ਰਮੋਟਰ ਅਵਤਾਰ ਲਾਖਾ ਹਮੇਸ਼ਾ ਵਧੀਆ ਵਧੀਆ ਸ਼ਾਇਰੀ ਅਤੇ ਸਾਫ ਸੁਥਰੀ ਗਾਇਕੀ ਵਾਲੇ ਕਲਾਕਾਰਾਂ ਨੂੰ ਪ੍ਰਮੋਟ ਕਰਦੇ ਆ ਰਹੇ ਹਨ, ਜਿਹਨਾਂ ਨੂੰ ਹਰ ਕੋਈ ਆਪਣੇ ਪਰਿਵਾਰਕ ਮੈਂਬਰਾਂ ਦੇ ਨਾਲ ਸੁਣਨਾ, ਦੇਖਣਾ ਪਸੰਦ ਕਰਦਾ ਹੈ।ਹੋਰ ਜਾਣਕਾਰੀ ਅਤੇ ਆਪਣੇ ਆਡੀਓ ਅਤੇ ਵੀਡੀਓ ਨੂੰ ਰਿਲੀਜ਼ ਕਰਨ ਲਈ ਪ੍ਰਮੋਟਰ ਅਵਤਾਰ ਲਾਖਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ:

**925-365-6410 ਇਸ ਦੇ ਨਾਲ ਹੀ ਉਹਨਾਂ ਨੂੰ ਸਬਸਕ੍ਰਾਈਬ ਕਰੋ- Subscribe our YouTube channel Total Entertainment**



# ਦੱਖਣ ਤੱਕ ਛਾਇਆ ਬਾਲੀਵੁੱਡ ਪੰਜਾਬੀ ਐਕਟਰ ਵਿਕਰਮਜੀਤ ਵਿਰਕ




ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'
559 - 333 - 5776

ਐਕਟਿੰਗ ਜਿੱਥੇ ਇੱਕ ਕਲਾ ਤਾਂ ਹੈ ਹੀ ਉੱਥੇ ਇਹ ਪਰਮਾਤਮਾ ਵੱਲੋਂ ਮਿਲੀ ਹੋਈ ਉਹ ਬਖ਼ਸ਼ਿਸ਼ ਹੈ ਜੋ ਹਰ ਇੱਕ ਦੇ ਹਿੱਸੇ ਨਹੀਂ ਆਉਂਦੀ। ਅਜੋਕੇ ਸਿਨਮੇ ਦੇ ਯੁਗ ਵਿੱਚ ਬੇਹੱਦ ਕੰਪੀਟੀਸ਼ਨ ਦੇ ਜ਼ਮਾਨੇ ਵਿੱਚ ਬਾਲੀਵੁੱਡ ਵਰਗੀ ਇੰਡਸਟਰੀ ਵਿੱਚ ਪੈਰ ਜਮਾਉਣੇ ਕੋਈ ਖਾਲ੍ਹਾ ਜੀ ਦਾ ਵਾੜਾ ਨਹੀਂ। ਲੋਕਾਂ ਨੂੰ ਐਕਟਿੰਗ ਕਰਕੇ ਹਸਾਉਣਾ ਤੇ ਰਵਾਉਂਣਾ ਬਹੁਤ ਔਖਾ ਕੰਮ ਹੈ। ਹਰ ਰੋਲ ਕਰਨ ਲਈ ਉਸ ਪਾਤਰ ਨੂੰ ਜਿਉਣਾਂ ਇਹ ਕਿਸੇ ਕਿਸੇ ਐਕਟਰ ਦੇ ਹਿੱਸੇ ਆਇਆ ਹੈ। ਹਰ ਕਾਮਯਾਬ ਐਕਟਰ ਦੇ ਪਿੱਛੇ ਉਸਦੀ ਲਗਨ ਮਿਹਨਤ ਛੁਪੀ ਹੁੰਦੀ ਹੈ। ਅੱਜ ਮੈ ਜਿਸ ਅਦਾਕਾਰ ਦੀ ਗੱਲ ਕਰਨ ਜਾ ਰਿਹਾ ਉਹ ਹੈ ਹਰਿਆਣਾ ਦੇ ਕਰਨਾਲ ਸ਼ਹਿਰ ਦਾ ਪੰਜਾਬੀ ਵਿਕਰਮਜੀਤ ਵਿਰਕ ਜਿਸ ਦਾ ਜਨਮ ਹਰਿਆਣਾ ਦੇ ਪਿੰਡ ਠਰਵਾ ਮਾਜਰਾ ਵਿੱਚ 19 ਜੁਲਾਈ 1984 ਵਿੱਚ ਹੋਇਆ। ਉਪਰੰਤ ਹਾਇਰ ਸਕੰਡਰੀ ਕਰਨਾਲ ਤੋਂ ਕਰਨ ਉਪਰੰਤ ਬੀ. ਏ ਦਿੱਲੀ ਯੂਨੀਵਰਸਿਟੀ ਤੋਂ ਕੀਤੀ 'ਤੇ ਅੰਦਰ ਜੋ ਮਾਡਲਿੰਗ ਤੇ ਐਕਟਿੰਗ ਦਾ ਕੀੜਾ ਸੀ ਵਿਕਰਮਜੀਤ ਨੂੰ ਮੁੰਬੱਈ ਲੈ ਗਿਆ। ਇੱਥੇ ਆਕੇ ਉਹਨਾਂ ਆਸ਼ੂਤੋਸ਼ ਗੁਵਾਰਿਕਰ ਦੇ ਨਿਰਦੇਸ਼ਨ ਹੇਠ ਬਣੀ ਹਿੰਦੀ ਫ਼ਿਲਮ 'ਖੇਲੇ ਹਮ ਜੀ ਜਾਨ ਸੇ' ਦੁਆਰਾ ਹਿੰਦੀ ਸਿਨਮੇ ਅੰਦਰ ਪ੍ਰਵੇਸ਼ ਕੀਤਾ। ਇਸ ਪਿੱਛੋਂ ਜੀ ਟੀਵੀ ਤੇ ਚੱਲਣ ਵਾਲੇ ਹਿੰਦੀ ਸੀਰੀਅਲ 'ਸ਼ੋਭਾ ਸੋਮਨਾਥ ਕੀ' ਵਿੱਚ ਵੀ ਵਿਕਰਮਜੀਤ ਮਹਿਮੂਦ ਗਜਨਵੀ ਦੇ ਰੋਲ ਵਿੱਚ ਦਰਸ਼ਕਾਂ ਦੇ ਰੂਬਰੂ ਹੋਏ। ਇਸ ਤੋਂ ਇਲਾਵਾ ਬਹੁ-ਚਰਚਤ ਸੀਰੀਅਲ ਮਹਾਂਦੇਵ ਵਿਚ ਬਾਣਾਸੁਰ ਦਾ ਕਿਰਦਾਰ ਅਤੇ 'ਮਹਾਂਰਕਸ਼ਕ ਆਰੀਅਨ' ਆਦਿ ਵਿੱਚ ਵੀ ਉਹਨਾਂ ਦੀ ਅਹਿੰਮ ਹਾਜ਼ਰੀ ਰਹੀ। ਇਸ ਤੋਂ ਇਲਾਵਾ ਉਹ ਪੰਜਾਬੀ ਫ਼ਿਲਮ 'ਯਾਰਾਂ ਨਾਲ ਬਹਾਰਾਂ 2' ਜ਼ਰੀਏ ਪੰਜਾਬੀ ਸਿਨਮੇ ਵਿੱਚ ਵੀ ਹਾਜ਼ਰੀ ਲਵਾ ਚੁੱਕਾ ਹੈ।




ਇਸ ਤੋਂ ਇਲਾਵਾ ਸਾਊਥ ਦੀਆਂ ਫਿਲਮਾਂ ਵਿੱਚ ਵੀ ਵਿਕਰਮਜੀਤ ਕਈ ਦਮਦਾਰ ਰੋਲ ਕਰ ਚੁੱਕਿਆ ਹੈ। 2015 ਵਿੱਚ ਉਹ ਵੱਡੇ ਪਰਦੇ ਦੀ ਥ੍ਰੀ ਡੀ ਵੱਡੇ ਬੱਜਟ ਵਾਲੀ ਦੱਖਣੀ ਫ਼ਿਲਮ 'ਰੁਦਰਮਾ ਦੇਵੀ' ਵਿੱਚ ਅਹਿੰਮ ਕਿਰਦਾਰ ਨਿੱਭਾ ਚੁੱਕਾ ਹੈ। ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਵਿਕਰਮਜੀਤ ਨੇ ਪੰਜਾਬ ਦੇ ਮੁਕਾਬਲੇ ਦੱਖਣੀ ਫਿਲਮਾਂ ਵਿੱਚ ਜ਼ਿਆਦਾ ਨਾਮ ਕਮਾਇਆ।ਵਿਕਰਮਜੀਤ ਵਿਰਕ ਤੇਲਗੂ ਫਿਲਮਾਂ ਦੇ ਇੱਕ ਤਰਾਂ ਨਾਲ ਸੁੱਪਰ ਸਟਾਰ ਹਨ । ਪੰਜਾਬੀ ਪੁੱਤ ਵਿਕਰਮਜੀਤ ਨੇ ਹੁਣ ਤੱਕ ਸਾਊਥ ਦੀਆਂ ਕੈਸਾਨੋਵਾ, ਸ਼ੇਰ, ਹਾਰਟ ਅਟੈਕ ਅਤੇ ਪੈਸਾ ਵਸੂਲ ਆਦਿ ਕਈ ਫਿਲਮਾਂ ਵਿੱਚ ਆਪਣੀ ਐਕਟਿੰਗ ਦਾ ਜਾਦੂ ਮਨਵਾਇਆ ਹੈ।



ਇਸ ਪਿੱਛੋਂ 2018 ਵਿੱਚ ਵੱਡੇ ਪਰਦੇ ਦੀ ਹਿੰਦੀ ਫ਼ਿਲਮ 'ਦ ਬੈਟਲ ਆਫ ਸਾਰਾਗੜੀ' ਵਿੱਚ ਰਨਦੀਪ ਹੁਡਾ ਦੇ ਨਾਲ ਉਹਨਾਂ ਸਿਪਾਹੀ ਬੂਟਾ ਸਿੰਘ ਦਾ ਅਹਿਮ ਰੋਲ ਅਦਾ ਕੀਤਾ । ਇਸ ਫ਼ਿਲਮ ਵਿੱਚ ਉਹ ਪੂਰਨ ਸਿੱਖੀ ਸਰੂਪ ਵਿੱਚ ਦਿਸੇ ਪਰ ਕਿਸੇ ਕਾਰਨ ਇਹ ਫਿਲਮ ਰਿਲੀਜ ਨਹੀਂ ਹੋ ਸੱਕੀ । ਇਹ ਫ਼ਿਲਮ 21 ਸਿੰਘ ਸੂਰਮਿਆਂ ਦੀ ਕਹਾਣੀ ਤੇ ਅਧਾਰਤ ਹੈ ਜਿੰਨ੍ਹਾ 1897 ਵਿੱਚ 10,000 ਅਫ਼ਗਾਨਾਂ ਦੇ ਛੱਕੇ ਛਡਾ ਦਿੱਤੇ ਸੀ। ਇਸ ਤੋਂ ਇਲਾਵਾ ਕਰਨ ਜੋਹਰ ਦੇ ਬੈਨਰ ਧਰਮਾ ਪ੍ਰੋਡਕਸ਼ਨ ਹੇਠ ਬਣ ਰਹੀ ਬਹੁ ਚਰਚਿਤ ਫਿਲਮ 'ਡਰਾਇਵ' ਚ ਸੈਕਿੰਡ ਹੀਰੋ ਆ ਰਿਹਾ ਹੈ ਜੋ ਕਿ ਬਹੁਤ ਹੀ ਜਲਦੀ ਦਰਸ਼ਕਾਂ ਦੇ ਸਾਹਮਣੇ ਹੋਵੇਗੀ । ਵੈਸੇ ਤਾਂ ਐਕਟਿੰਗ ਦੀ ਕੋਈ ਸੀਮਾ ਨਹੀਂ ਹੁੰਦੀ ਪਰ ਫੇਰ ਵੀ ਆਉਣ ਵਾਲੇ ਸਮੇਂ ਵਿੱਚ ਵਿਕਰਮਜੀਤ ਵਿਰਕ ਨੂੰ ਤੁਸੀਂ ਹੋਰ ਵੀ ਬਾਲੀਵੁੱਡ ਦੀਆਂ ਵੱਡੀਆਂ ਫਿਲਮਾਂ ਵਿੱਚ ਦਮਦਾਰ ਕਿਰਦਾਰਾਂ ਵਿੱਚ ਵੇਖੋਗੇ। ਆਸ ਕਰਦੇ ਹਾਂ ਕਿ ਵਿਕਰਮਜੀਤ ਵਿਰਕ ਅੱਗੇ ਹੋਰ ਤਰੱਕੀਆਂ ਕਰੇ ਤੇ ਪੰਜਾਬ ਪੰਜਾਬੀਅਤ ਨੂੰ ਆਪਣੀ ਐਕਟਿੰਗ ਜਰੀਏ ਸੰਸਾਰ ਪੱਧਰ ਤੇ ਮਸ਼ਹੂਰ ਕਰੇ।

# ਬਸਪਾ ਦੀਆਂ ਪੰਜਾਬ ਵਿਚ ਸਰਗਰਮੀਆਂ ਤੇਜ- ਗੜ੍ਹੀ

**ਜਲੰਧਰ (ਤਰਸੇਮ ਜਲੰਧਰੀ–** ਵਿਧਾਨ ਫਗਵਾੜਾ ਦੀ ਸਮੁੱਚੀ ਲੀਡਰਸ਼ਿਪ ਟੀਮ ਨਾਲ ਤਿੰਨ ਘੰਟੇ ਦੀ ਲੰਬੀ ਵਿਚਾਰ ਚਰਚਾ ਹੋਈ। ਫਗਵਾੜਾ ਵਿਧਾਨ ਸਭਾ ਦੇ ਸਾਹਿਬ ਕਾਂਸ਼ੀ ਰਾਮ ਜੀ ਦੇ ਸਿਪਾਹੀਆਂ ਨਾਲ ਮਿਲਕੇ ਆਉਣ ਵਾਲੇ ਸਮੇਂ ਵਿੱਚ ਵਿਚ ਸਾਹਿਬ ਕਾਂਸ਼ੀ ਰਾਮ ਜੀ ਦੀ ਇੱਛਾ ਅਨੁਸਾਰ ਭੈਣ ਕੁਮਾਰੀ ਮਾਇਆਵਤੀ ਜੀ ਦੇ ਨਿਰਦੇਸ਼ਾ ਅਨੁਸਾਰ ਕੰਮ ਨੂੰ ਹੋਰ ਤੇਜ ਕੀਤਾ ਜਾਵੇਗਾ। ਪਿੰਡ ਬਲਾਕੀਪੁਰ, ਵਿਧਾਨਸਭਾ ਬੰਗਾ ਦਾ ਜੁ-ਝਾਰੂ ਸੰਧੀ ਪਰਿਵਾਰ, ਸ਼੍ਰੀ ਗੁਰਦਿਆਲ ਬੋਧ ਜੀ ਦੇ ਪਿਤਾ ਜੀ ਦੀ ਅਚਾਨਕ ਮੌਤ ਤੇ ਅਫਸੋਸ ਪ੍ਰਗਟ ਕੀਤਾ ਅਤੇ ਬੰਗਾ ਵਿਧਾਨ ਸਭਾ ਦੇ ਵਰਕਰ ਅਤੇ ਸ਼੍ਰੀ ਪਰਮਜੀਤ ਸੰਧੀ, ਸ਼੍ਰੀ ਜੋਰਾਵਰ ਸੰਧੀ ਅਤੇ ਸ਼੍ਰੀਮਤੀ ਕਿਰਨਦੀਪ ਕੌਰ ਜੀ ਨਾਲ ਬਹੁਜਨ ਇਨਕਲਾਬ ਉੱਤੇ ਚਰਚਾ ਕੀਤੀ। ਸਤਿਕਾਰਯੋਗ ਸੰਧੀ ਪਰਿਵਾਰ ਦੀ ਬਹੂ ਸ਼੍ਰੀਮਤੀ ਕਿਰਨਦੀਪ ਕੌਰ ਜੀ (ਮਾਸਟਰ ਡਿਗਰੀ) ਨੇ ਖੁਦ ਨੂੰ ਬਹੁਜਨ ਸਮਾਜ ਪਾਰਟੀ ਲਈ ਕੇਡਰ ਕੈਂਪ ਲਗਾਉਣ ਵਾਲੇ ਸਾਥੀਆ ਦੀ ਟੀਮ ਦਾ ਹਿੱਸਾ ਬਣਨ ਦੀ ਇੱਛਾ ਵੀ ਪ੍ਰਗਟ ਕੀਤੀ।



**ਜਿਲ੍ਹਾ ਜਲੰਧਰ, ਬਹੁਜਨ ਸਮਾਜ ਪਾਰਟੀ ਦੀ ਮੀਟਿੰਗ, ਸੰਗਠਨ ਸਮੀਖਿਆ, ਸਤਿਕਾਰਯੋਗ ਲੀਡਰਸ਼ਿਪ ਅਤੇ ਵਰਕਰ ਸਾਹਿਬਾਨ ਨਾਲ ਮੁਲਾਕਾਤ**

ਸਤਿਕਾਰਯੋਗ ਬਹੁਜਨ ਵਲੰਟੀਅਰ ਫੋਰਸ ਦੇ ਸਾਥੀਆਂ ਅਤੇ ਸਿੱਖ ਭਾਈਚਾਰੇ ਦੀ ਸਨਮਾਨਯੋਗ ਸਖਸੀਅਤ ਸਰਦਾਰ ਸੁਖਦੇਵ ਸਿੰਘ ਭੌਰ ਜੀ (ਸਾਬਕਾ ਕਾਰਜਕਾਰੀ ਪ੍ਰਧਾਨ SGPC ਸਕੱਤਰ ਜਨਰਲ ਅਤੇ ਹੋਰ ਸਾਥੀਆਂ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਕਾਫੀ ਸਮੇਂ ਤੋਂ ਲਟਕਦੇ ਵਿਵਾਦ ਦਾ ਸਾਂਤਮਈ ਨਿਪਟਾਰਾ ਕੀਤਾ।

**ਹਲਕਾ ਗੜ੍ਹਸ਼ੰਕਰ ਵਿੱਚ ਕੇਡਰ ਕੈਂਪਾਂ ਦੀ ਲੜੀ ਦਾ ਦੌਰ ਸ਼ੁਰੂ**

ਸਰਦਾਰ ਜਸਵੀਰ ਸਿੰਘ ਗੜ੍ਹੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਹਲਕਾ ਗੜ੍ਹਸ਼ੰਕਰ ਵਿਖੇ ਕੇਡਰ ਕੈਂਪਾ ਦੀ ਲੜੀ ਦਾ ਦੌਰ ਸ਼ੁਰੂ ਕਰ ਦਿੱਤਾ ਹੈ*। ਜਿਸ ਦੀ ਸ਼ੁਰੂਆਤ ਪਿੰਡ ਚੱਕ ਹਾਜੀਪੁਰ ਤੋਂ ਸ਼ੁਰੂ ਕੀਤੀ ਗਈ। ਇਹ ਕੇਡਰ ਕੈਂਪ ਸ਼੍ਰੀ ਅਮਨ ਬੇਗਮਪੁਰੀ, ਡਾਕਟਰ ਮੰਗਤ ਆਲੋਵਾਲ ਐਮਾਂ ਦੇ ਯਤਨਾਂ ਸਦਕਾ ਸੰਭਵ ਹੋਇਆ ਤੇ ਡਾਕਟਰ ਰਾਮ ਲਾਲ ਚੱਕ ਹਾਜੀਪੁਰ ਵਲੋਂ ਇਸ ਕੈਂਪ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿੱਚ ਅਮਨ ਬੇਗਮਪੁਰੀ ,ਰਿਟਾਇਰਡ ਪ੍ਰਿੰਸੀਪਲ ਸੋਹਣ ਸਿੰਘ ਸੂੰਨੀ ਤੇ ਰਣਬੀਰ ਬੱਬਰ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੀ ਵਿਚਾਰਧਾਰਾ ਬਾਰੇ, ਕਾਂਸ਼ੀ ਰਾਮ ਜੀ ਦੀ ਕੀਤੀ ਮਿਹਨਤ ਅਤੇ ਭੈਣ ਕੁਮਾਰੀ ਮਾਇਆਵਤੀ ਜੀ ਦੀ ਅਗਵਾਈ ਬਾਰੇ ਵਿਸ਼ੇਸ਼ ਚਾਨਣਾ ਪਾਇਆ।

ਸਰਦਾਰ ਜਸਵੀਰ ਸਿੰਘ ਗੜ੍ਹੀ, ਸੂਬਾ ਪ੍ਰਧਾਨ, ਬਹੁਜਨ ਸਮਾਜ ਪਾਰਟੀ ਜੀ ਨੇ ਵਿਧਾਨ ਸਭਾ ਹਲਕਾ ਫਗਵਾੜਾ ਵਿੱਚ ਬੂਥ ਪੱਧਰ ਤੇ ਬਣਨ ਜਾ ਰਹੇ ਸੰਗਠਨ ਦੀ ਸਮੀਖਿਆ ਕੀਤੀ ਅਤੇ ਐਲਾਨ ਕੀਤਾ।

ਪੰਜਾਬ ਵਿੱਚ ਕੇਡਰ ਕੈਂਪਾ ਦਾ ਦੌਰ ਵਿਧਾਨ ਸਭਾ ਗੜ੍ਹਸ਼ੰਕਰ ਤੌਂ ਸ਼ੁਰੂ ਹੋਇਆ।ਇਸ ਲੜੀ ਤਹਿਤ ਪਿੰਡ ਸਮੁੰਦੜਾ ਵਿੱਚ ਬਹੁਜਨ ਅੰਦੋਲਨ ਨੂੰ ਮੰਜ਼ਿਲ ਤੇ ਪੁਚਾਉਣ ਲਈ ਦੂਜਾ ਕੇਡਰ ਕੈਂਪ ਲਾਇਆ ਗਿਆ।ਬਾਮਸੇਫ ਦੇ ਸਾਥੀ ਸ਼੍ਰੀ ਰਣਵੀਰ ਬੱਬਰ ਜੀ ਨੇ ਵਿਸਥਾਰ ਸਹਿਤ ਮਾਨਵਤਾਵਾਦੀ ਮਹਾਂਪੁਰਸ਼ਾਂ ਦੇ ਜੀਵਨ ਅਤੇ ਸੰਘਰਸ਼,ਬਹੁਜਨਾਂ ਦੇ ਮਾਣਮੱਤੇ ਇਤਿਹਾਸ ਤੋਂ ਲੈ ਕੇ ਗੁਲਾਮੀ ਦੇ ਕਾਰਨਾ ਬਾਰੇ ਦੱਸਿਆ। ਵਰਤਮਾਨ ਸਥਿਤੀਆਂ, ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸੰਘਰਸ਼ ਅਤੇ ਬਹੁਜਨ ਮੂਮੈਂਟ ਦੀ ਸ਼ਲਾਘਾਯੋਗ ਜਾਣਕਾਰੀ ਦਿੱਤੀ। ਪੰਜਾਬ ਬਹੁਜਨ ਸਮਾਜ ਪਾਰਟੀ ਦੀ ਮਹੀਨਾਵਾਰ ਸਮੀਖਿਆ ਮੀਟਿੰਗ। ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮ ਅਨੁਸਾਰ ਸੂਬਾ ਅਤੇ ਮੁੱਖ ਜੋਨ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ। ਪੰਜਾਬ ਇੰਚਾਰਜ ਸ਼੍ਰੀ ਰਾਜਾ ਰਾਮ ਸਾਂਸਦ ਅਤੇ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਣੀਵਾਲ ਜੀ ਮੁੱਖ ਮਹਿਮਾਨ ਜੀ ਦੇ ਤੌਰ ਤੇ ਸ਼ਾਮਿਲ ਹੋਏ, ਜਿਹਨਾ ਦੀ ਦੇਖ ਰੇਖ ਵਿੱਚ ਮੀਟਿੰਗ ਹੋਈ।

ਮੀਟਿੰਗ ਦੀ ਪ੍ਰਧਾਨਗੀ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਨੇ ਕੀਤੀ । ਮੰਚ ਸੰਚਾਲਨ ਸੂਬਾ ਜਨਰਲ ਸਕੱਤਰ ਸ਼੍ਰੀ ਨਛੱਤਰ ਪਾਲ ਜੀ ਨੇ ਕੀਤੀ। ਪੂਰੇ ਪੰਜਾਬ ਤੋਂ ਬਸਪਾ ਲੀਡਰਸ਼ਿਪ ਹਾਜ਼ਿਰ ਸੀ। ਬਸਪਾ ਅਤੇ ਭੈਣ ਕੁਮਾਰੀ ਮਾਇਆਵਤੀ ਜੀ ਜਿੰਦਾਬਾਦ ਦੇ ਨਾਹਰਿਆਂ ਨਾਲ ਤਿੰਨ ਘੰਟੇ ਲਗਾਤਾਰ ਮੀਟਿੰਗ ਗੂੰਜਦੀ ਰਹੀ।



ਸਾਥੀ ਪੇਂਟਰ ਲਖਵੀਰ ਸਿੰਘ ਕੁਲੇਵਾਲ ਦੇ ਘਰ, ਬਸਪਾ ਬਲਾਚੌਰ ਦੀ ਲੀਡਰਸ਼ਿਪ ਨਾਲ ਉਹਨਾਂ ਦੇ ਪਰਿਵਾਰ ਨੂੰ ਮਿਲਿਆ। 4 ਜੂਨ ਨੂੰ ਬਸਪਾ ਦੇ ਸਿਪਾਹੀ ਦਾ ਆਪਣੇ ਹੱਥੀਂ (ਪ੍ਰਧਾਨਗੀ ਦਾ ਪਹਿਲਾ ਦਿਨ) ਸਸਕਾਰ ਕੀਤਾ ਸੀ। ਸਾਥੀ ਪਰਮਜੀਤ ਸਿੰਘ ਦੋਸਾਂਝ (ਸੋਨੂੰ ਸੂਦ) ਜੀ ਰਾਹੀਂ ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਕੈਲੇਫੋਰਨੀਆ, ਯੂ. ਐਸ. ਏ. ਤੋਂ ਆਈ ਕੁਝ ਸਹਾਇਤਾ ਵੀ ਪਰਿਵਾਰ ਨੂੰ ਦਿੱਤੀ। ਪੰਜਾਬ ਬਸਪਾ ਪ੍ਰਧਾਨ ਸ. ਗੜੀ ਸਾਥੀ ਲਖਵੀਰ ਪੇਂਟਰ ਨੂੰ ਹਮੇਸਾਂ ਯਾਦ ਰੱਖਿਆ ਜਾਵੇਗਾ।

# 24 ਜੁਲਾਈ ਨੂੰ ਡੀਸੀ ਦਫਤਰ ਦੇ ਕੀਤੇ ਜਾ ਰਹੇ ਘਿਰਾਓ ਦੀਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਤਿਆਰੀਆਂ ਕੀਤੀਆਂ ਮੁਕੰਮਲ

ਮੀਮਸਾ ਜਬਰ ਵਿਰੋਧੀ ਐਕਸ਼ਨ ਕਮੇਟੀ ਦੇ ਸੱਦੇ ਤਹਿਤ 24 ਜੁਲਾਈ ਨੂੰ ਡੀਸੀ ਦਫਤਰ ਦੇ ਕੀਤੇ ਜਾ ਰਹੇ ਘਿਰਾਓ ਦੀਆਂ ਤਿਆਰੀਆਂ ਦੇ ਸੱਦੇ ਤਹਿਤ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਬਲਾਕ ਸੰਗਰੂਰ, ਧੂਰੀ ਸੁਨਾਮ, ਮਲੇਰਕੋਟਲਾ, ਚੀਮਾ, ਲੌਂਗੋਵਾਲ, ਦਿੜ੍ਹਬਾ, ਭਵਾਨੀਗੜ੍ਹ ਬਲਾਕਾਂ ਦੇ ਪਿੰਡਾਂ ਵਿੱਚ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਅੱਜ ਜ਼ਿਲ੍ਹਾ ਸੰਗਰੂਰ ਤੋਂ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਧਰਮਪਾਲ ਸਿੰਘ ਅਤੇ ਜ਼ਿਲ੍ਹਾ ਸੈਕਟਰੀ ਬਲਜੀਤ ਸਿੰਘ ਨੇ ਦੱਸਿਆ ਕਿ ਦਿਨੋ ਦਿਨ ਦਲਿਤਾਂ ਦੇ ਉੱਪਰ ਜਬਰ ਵਧਦਾ ਜਾ ਰਿਹਾ ਹੈ ਕਿਉਂਕਿ ਇੱਥੋਂ ਦੇ ਘੜੰਮ ਚੌਧਰੀ, ਪੁਲਿਸ ਸਿਆਸੀ ਗੁੰਡਾ ਗੱਠਜੋੜ ਇਹ ਨਹੀਂ ਚਾਹੁੰਦਾ ਕੇ ਦਲਿਤ ਮਜ਼ਦੂਰ ਆਪਣੇ ਹੱਕਾਂ ਪ੍ਰਤੀ ਜਾਗਰਿਤ ਹੋਣ। ਦਲਿਤ ਮਜ਼ਦੂਰਾਂ ਨੂੰ ਲੰਬੇ ਸਮੇਂ ਤੱਕ ਦਬਾਇਆ ਨਹੀਂ ਜਾ ਸਕਦਾ , ਦਲਿਤ ਮਜ਼ਦੂਰ ਇਨ੍ਹਾਂ ਹਮਲਿਆਂ ਦਾ ਮੂੰਹ ਤੋੜ ਜਵਾਬ ਦੇਣ ਦੇ ਲਈ ਆਪਣੇ ਆਪ ਨੂੰ ਲਾਮਬੰਦ ਕਰ ਰਹੇ ਹਨ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਲਈ ਘੋਲ ਤੇਜ਼ ਕਰੋ, ਦੋ ਹਿੱਸੇ ਮਿਹਨਤਕਸ਼ ਕਿਸਾਨੀ ਨੂੰ ਦਿਓ, ਗੁੰਡਾਗਰਦੀ ਦਾ ਮੂੰਹ ਤੋੜ ਜਵਾਬ ਦਿਓ ਦੇ ਨਾਂ ਹੇਠ ਵੱਡੀ ਗਿਣਤੀ ਵਿੱਚ ਲੀਫਲੈਂਟ 'ਚ ਛਪਵਾ ਕੇ ਵੱਖ ਵੱਖ ਬਲਾਕਾਂ ਦੀਆਂ ਪਿੰਡ ਕਮੇਟੀਆਂ ਰਾਹੀਂ ਵੱਡੀ ਗਿਣਤੀ ਵਿੱਚ ਘਰ-ਘਰ ਜਾ ਕੇ ਲੀਫਲੈਟ ਵੰਡਿਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ 15 ਜੂਨ ਨੂੰ ਮੀਮਸਾ ਤੋਂ ਰੋਸ ਮਾਰਚ ਕਰਕੇ ਵਾਪਸ ਆ ਰਹੇ ਜਨਤਕ ਜਮਹੂਰੀ ਆਗੂਆਂ ਤੇ ਜੱਖਲਾਂ ਵਿਖੇ ਘੇਰ ਕੇ ਜਾਨਲੇਵਾ ਹਮਲਾ ਕਰਨ ਅਤੇ ਦੋ ਆਗੂਆਂ ਨੂੰ ਅਗਵਾ ਕਰਕੇ ਸਰਪੰਚ ਪਿੰਡ ਮੀਮਸਾ ਸੁਖਬੀਰ ਸਿੰਘ ਕਾਲਾ ਨੇ ਆਪਣੇ ਘਰੇ ਲਿਜਾ ਕੇ ਸਮੇਤ ਪੰਚਾਇਤ ਸੈਕਟਰੀ ਪਿੰਡ ਮੀਮਸਾ ਜਗਜੀਤ ਸਿੰਘ ਜੋਗਾ, ਅਵਤਾਰ ਸਿੰਘ ਵਿਸਕੀ ਅਤੇ ਤੀਹ ਦੇ ਕਰੀਬ ਗੁੰਡਿਆਂ ਵੱਲੋਂ ਬੇਤਹਾਸ਼ਾ ਕੁੱਟਮਾਰ ਕੀਤੀ ਗਈ, ਦੋਸ਼ੀਆਂ ਖਿਲਾਫ਼ ਅਜੇ ਤੱਕ ਕੋਈ ਕਾਰਵਾਈ ਨਾ ਹੋਣ ਕਾਰਨ ਦਲਿਤ ਮਜ਼ਦੂਰ ਭਾਈਚਾਰੇ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ ।ਆਗੂ ਨੇ ਅੱਗੇ ਕਿਹਾ ਕਿ ਜੇਕਰ ਇਸੇ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਲੋਕਾਂ ਦਾ ਗੁੱਸਾ ਲਾਵਾ ਬਣ ਕੇ ਫੁੱਟ ਸਕਦਾ ਹੈ, ਇਸ ਵਾਸਤੇ ਪੜਤਾਲ ਦੇ ਨਾਂਅ ਤੇ ਦੋਸ਼ੀਆਂ ਨੂੰ ਖੁੱਲ੍ਹੀ ਛੁੱਟੀ ਦੇਣ ਵਾਲਾ ਜ਼ਿਲ੍ਹਾ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ। ਆਗੂਆਂ ਨੇ ਅੱਗੇ ਕਿਹਾ ਕਿ ਮੀਮਸਾ ਜ਼ਬਰ ਵਿਰੋਧੀ ਐਕਸ਼ਨ ਕਮੇਟੀ ਇਹ ਮਹਿਸੂਸ ਕਰਦੀ ਹੈ ਕਿ ਇਹ ਜੋ ਹਮਲਾ ਹੋਇਆ ਹੈ ਇਹ ਹਮਲਾ ਸਿਰਫ ਤੇ ਸਿਰਫ ਚਾਰ ਆਗੂਆਂ ਤੇ ਹਮਲਾ ਹੀ ਨਹੀਂ ਹੋਇਆ ਹੈ, ਇਹ ਹਮਲਾ ਹਰ ਇੱਕ ਇਨਸਾਫ਼ਪਸੰਦ, ਹੱਕਾਂ ਲਈ ਸੰਘਰਸ਼ ਕਰਨ ਵਾਲੇ ਆਗੂਆਂ/ ਵਰਕਰਾਂ ਤੇ ਹਮਲਾ ਹੈ।



# ਗ਼ਦਰ ਲਹਿਰ ਦੇ ਇਤਿਹਾਸ ਅਤੇ ਜਲ੍ਹਿਆਂਵਾਲਾ ਬਾਗ਼ ਦੇ ਖ਼ੂੰਨੀ ਸਾਕੇ ਦੇ 100ਵੀ ਵਰ੍ਹੇਗੰਢ ਨੂੰ ਸਮਰਪਿਤ ਸੈਮੀਨਾਰ

ਜਲ੍ਹਿਆਂਵਾਲਾ ਬਾਗ਼ ਦਾ ਖ਼ੂੰਨੀ ਸਾਕਾ ਫ਼ਰੰਗੀਆਂ ਦੀ ਦਰਿੰਦਗੀ ਦੇ ਚੇਹਰੇ ਦਾ ਇੱਕ ਘਿਨਾਉਣਾ ਰੂਪ ਸੀ। ਬੇਦੋਸ਼ੇ ਖ਼ਾਲੀ ਹੱਥ ਆਪਣੇ ਹੱਕਾਂ ਲਈ ਲੜਦੇ ਹਿੰਦੋਸਤਾਨੀਆਂ ਨੂੰ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਜਲ੍ਹਿਆਂਵਾਲਾ ਬਾਗ਼ 'ਚ ਜਨਰਲ ਡਾਇਰ ਨੇ ਗੋਲੀਆਂ ਦਾਗ ਕੇ ਮਨੁੱਖਤਾ ਦਾ ਘਾਣ ਕੀਤਾ।

ਇਸ ਖ਼ੂੰਨੀ ਸਾਕੇ ਨੂੰ ਸੌ ਵਰ੍ਹੇ ਹੋ ਜਾਣ ਉਪਰੰਤ ਵੀ ਗੋਰੀ ਸਰਕਾਰ ਨੇ ਕੀਤੀ ਗ਼ਲਤੀ ਲਈ ਮੁਆਫ਼ੀ ਨਹੀਂ ਮੰਗੀ। ਅੱਜ ਸਾਰੀ ਦੁਨੀਆਂ 'ਚ ਜਿੱਥੇ ਜਿੱਥੇ ਵੀ ਭਾਰਤੀ(ਹਿੰਦੋਸਤਾਨੀ)ਵੱਸਦੇ ਨੇ ਇਸ ਦਰਿੰਦਗੀ ਲਈ ਅਫ਼ਸੋਸ ਜ਼ਾਹਿਰ ਕਰਦੇ ਹਨ।

ਇੰਡੋ-ਅਮੈਰੀਕਨ ਹੈਰੀਟੇਜ ਫਾਉਡੇਸ਼ਨ ਨਿਉਯਾਰਕ ਵਲੋਂ ਨਿਉਯਾਰਕ ਦੀ ਹਰ ਇੱਕ ਜੱਥੇਬੰਦੀ ਦੇ ਸਹਿਯੋਗ ਨਾਲ ਗ਼ਦਰ ਲਹਿਰ ਦੇ ਇਤਿਹਾਸ ਨੂੰ ਯਾਦਾਂ ਦਾ ਹਿੱਸਾ ਬਣਾਈ ਰੱਖਣ ਲਈ ਜਲ੍ਹਿਆਂਵਾਲਾ ਬਾਗ਼ ਦੇ ਖ਼ੂੰਨੀ ਸਾਕੇ ਨੂੰ ਸਮੱਰਪਿਤ ਮੀਨਾਰ ਕਰਵਾਇਆ ਜਾ ਰਿਹਾ ਹੈ। ਜੁਲਾਈ ਇੱਕੀ (ਝੁਲੇ 21,2019) ਨੂੰ ਸੈਮੀਨਾਰ ਨੂੰ ਸਫ਼ਲ ਕਰਨ ਲਈ ਵੱਖ ਵੱਖ ਜੱਥੇਬ-ਦੀਆਂ ਦੇ ਨੁਮਾਇੰਦਿਆਂ ਵਲੋਂ ਮੀਟਿੰਗ ਕੀਤੀ ਗਈ। ਸਭ ਨੇ ਵੱਧ ਚੜ੍ਹ ਹਿੱਸਾ ਪਾਉਣ ਦੇ ਵਾਅਦੇ ਕੀਤੇ।

ਬੁਲਾਰੇ:-ਡਾ.ਗੁਰੂਮੇਲ ਸਿੱਧੂ
ਜਸਬੀਰ ਦਿਉਲ ਐਮ.ਐਲ.ਏ.(ਕੈਨੇਡਾ), ਸ.ਅਜੀਤ ਸਿੰਘ ਲਾਇਲ( ਕੈਨੇਡਾ)
ਸ.ਧਰਮ ਸਿੰਘ ਗੁਰਾਇਆ(ਵਰਜ਼ੀਨੀਆਂ), ਸ.ਜਸਵਿੰਦਰ ਪਾਲ ਸਿੰਘ ਪੱਖੋਕੇ (ਨਿਉਜਰਸੀ)
ਸੈਮੀਨਾਰ:-ਸਤੰਬਰ ਸੱਤ ਵੀਹ ਸੌ ਉਨੀ (09-07-2019 (September 7, 2019)
ਸਥਾਨ:-100 ਲੇਕਵਿੱਲ ਰੋਡ ਲਾਂਗ ਆਈਲੈਂਡ, ਸਮਾਂ:-11:00 ਤੋਂ 4:00pm

ਕਵਿਤਾ ਪਾਠ ਹੋਵੇਗਾ ਅਤੇ ਸਕੂਲ ,ਕਾਲਜ਼ ਅਤੇ ਯੂਨੀਵਰਸਿਟੀਜ਼ ਦੇ ਵਿਦਿਆਰਥੀ ,ਜਿੰਨ੍ਹਾਂ ਪੜ੍ਹਾਈ ਤੇ ਸਪੋਰਟਸ 'ਚ ਮੱਲਾਂ ਮਾਰੀਆਂ ਤੇ ਭਾਰਤ (ਪੰਜਾਬ) ਦਾ ਨਾਮ ਰੁਸ਼ਨਾਇਆ, ਨੂੰ ਸਨਮਾਨਿਆ ਜਾਵੇਗਾ। ਟਰਾਈ ਸਟੇਟ ਦੇ ਭਾਰਤੀਆਂ (ਹਿੰਦੋਸਤਾਨੀਆਂ) ਅਤੇ ਪੰਜਾਬੀ ਭਰਾਵਾਂ ਭੈਣਾ ਨੂੰ ਬੇਨਤੀ ਹੈ ਕਿ ਵੱਧ ਚੜ੍ਹਕੇ ਹਿੱਸਾ ਪਾਉਣ ਲਈ ਹਾਜ਼ਰ ਹੋਵੋ ਤਾਂ ਕਿ ਆਪਣੇ ਇਤਿਹਾਸ ਤੇ ਵਿਰਸੇ ਨੂੰ ਆਉਣ ਵਾਲੀ ਪੀੜ੍ਹੀ ਤੱਕ ਲੈ ਕੇ ਜਾਈਏ।

**ਹੋਰ ਜਾਣਕਾਰੀ ਲਈ ਫੋਨ ਕਰੋ:-**

**ਮਨਮੋਹਨ ਪੂੰਨੀ 1-347-753-5940, ਸਵਰਨ ਸਿੰਘ ਸਲੈਚ 1-917-224-3645**

### ਦੌੜੀ ਚੱਲ ਹਿਮਾ ਦਾਸ !

# ਹੋਰ ਤੇਜ਼ ! ਹੋਰ ਤੇਜ਼ !! ਜੋਰ ਨਾਲ !!! ਜੋਸ਼ ਨਾਲ !! ਜਜ਼ਬੇ ਨਾਲ !! ਜਨੂੰਨ ਨਾਲ

ਗੁਰਮੀਤ ਕੜਿਆਲਵੀ

ਅਜੇ ਤਾਂ ਹਿਮਾ ਵਲੋਂ ਜਿੱਤੇ ਪੰਜਵੇਂ ਤਮਗੇ ਦੀਆਂ ਖਬਰਾਂ ਹੀ ਚੱਲੀ ਜਾਂਦੀਆ ਸਨ ਕਿ ਉਸਦੇ ਛੇਵੇਂ ਸੁਨਹਿਰੀ ਤਮਗੇ ਦੀਆਂ ਖਬਰਾਂ ਆ ਗਈਆਂ ਨੇ। ਦੇਸ਼ ਦੇ ਮੁਖੀਏ ਵਲੋਂ ਵਧਾਈ ਦਿੱਤੀ ਗਈ ਹੈ। ਵੱਡੇ ਸਟਾਰ ਖਿਡਾਰੀਆਂ ਤੇ ਐਕਟਰਾਂ ਵਲੋਂ ਵੀ। ਉਸਦੇ ਪੰਜਵੇਂ ਸੋਨ ਤਮਗੇ ਨੇ ਮਸੀਂ ਕਿਤੇ ਜਾਕੇ ਘੂਕ ਸੁੱਤੇ ਪਏ ਆਗੂਆਂ ਦੀ ਜਾਗ ਖੋਲੀ ਸੀ ਤੇ ਹੁਣ ----। ਚੱਲ ਹਿਮਾ ਧੀਏ ਮੰਨ ਲੈ ਇਹਨਾਂ ਦੀਆਂ ਵਧਾਈਆਂ। ਗੱਲ ਗੱਲ 'ਤੇ ਟਊਂ ਟਊਂ ਕਰਨ ਵਾਲੇ ਮੀਡੀਏ ਦੀ ਜਾਗ ਤਾਂ ਅਜੇ ਵੀ ਨੀਂ ਖੁੱਲ੍ਹੀ। ਕਾਸ਼ ਕਿਤੇ ਤੇਰੇ ਨਾਲ ਕੋਈ ਪਾਕਿਸਤਾਨੀ ਦੌੜਾਕ ਦੌੜੀ ਹੁੰਦੀ। ਫੇਰ ਸ਼ਾਇਦ ਮੀਡੀਆ ਚੀਕਦਾ, "ਹਿਮਾ ਕੀ ਸਰਜੀਕਲ ਸਟਰਾਈਕ!"

ਹਿਮਾ ਤੂੰ ਆਪਣੇ ਬਾਪ ਰਣਜੀਤ ਦਾਸ ਦਾ ਹੀ ਨਹੀਂ , ਦੇਸ਼ ਦੇ ਕਰੋੜਾਂ ਉਹਨਾਂ ਦੱਬੇ ਕੁਚਲੇ, ਲਤਾੜੇ ਤੇ ਜਾਤੀਵਾਦ ਦਾ ਸ਼ਿਕਾਰ ਬਣਾ ਕੇ ਨਿਤਾਣੇ ਬਣਾ ਦਿੱਤੇ ਗਏ ਲੋਕਾਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ ਜਿੰਨਾਂ ਨੂੰ ਕਦੇ ਮੌਕੇ ਹੀ ਨਹੀਂ ਦਿੱਤੇ। ਤੂੰ ਦੱਸ ਦਿੱਤਾ ਹੈ ਕਿ ਮੌਕੇ ਮਿਲਣ ਤਾਂ ਇਹ ਗਰੀਬ ਲੋਕ ਦੇਸ਼ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖ ਦੇਣ। ਕੀ ਖੇਡਾਂ, ਕੀ ਵਿਗਿਆਨ, ਕੀ ਇੰਜਨੀਅਰਿੰਗ--- ਇਹਨਾਂ ਦੇ ਖੂਨ 'ਚ ਦੇਸ਼ ਪ੍ਰਤੀ ਵਫਾਦਾਰੀ ਤੇ ਸਮਰਪਣ ਹੈ, ਇਹ ਹਰ ਖੇਤਰ 'ਚ ਮੱਲਾਂ ਮਾਰ ਸਕਦੇ ਨੇ।

ਹਿਮਾ ! ਤੈਨੂੰ ਦੌੜਦਿਆਂ ਵੇਖ ਦੇਸ਼ ਦੀ ਇਕ ਹੋਰ ਮਹਾਨ ਧੀ 'ਪੀ ਟੀ ਊਸ਼ਾ' ਚੇਤੇ ਆਈ ਸੀ। ਯਾਦ ਹੈ 1984 ਦਾ ਲਾਂਸ ਏਂਜਲਸ ਉਲੰਪਿਕ। ਇਕ ਸੈਕਿੰਡ ਦੇ ਸੌਂਵੇ ਹਿਸੇ ਨਾਲ ਤਮਗਾ ਜਿੱਤਣ ਤੋਂ ਰਹਿ ਗਈ। ਅਸੀਂ ਬਹੁਤ ਉਦਾਸ ਹੋਏ ਸਾਂ ਉਸ ਦਿਨ। ਉਡਣੇ ਸਿੱਖ ਮਿਲਖਾ ਸਿੰਘ ਤੋਂ ਬਾਅਦ ਇਹ ਇਕ ਸ਼ਾਨਦਾਰ ਪ੍ਰਾਪਤੀ ਸੀ। ਸਾਨੂੰ ਯਾਦ ਨੇ 1986 ਦੀਆਂ ਸਿਓਲ ਏਸ਼ੀਆਈ ਖੇਡਾਂ। ਕੁੱਲ ਪੰਜ ਸੋਨ ਤਮਗੇ ਜਿੱਤੇ ਸਨ ਆਪਣੇ ਦੇਸ਼ ਨੇ, ਇਹਨਾਂ 'ਚੋਂ ਚਾਰ ਪੀ ਟੀ ਊਸ਼ਾ ਦੇ ਸਨ। ਇਕ ਸੁਰ ਸਿੰਘੀਏ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੇ ਗਰਾਈਂ ਕਰਤਾਰ ਸਿੰਘ ਭਲਵਾਨ ਦਾ ਸੀ। 200, 400, 400 ਮੀਟਰ ਹਰਡਲਜ, 4×400 ਮੀਟਰ ਰੀਲੇਅ। ਦੇਸ਼ ਅਸ਼ ਅਸ਼ ਕਰ ਉੱਠਿਆ। ਪੀ ਟੀ ਊਸ਼ਾ ਨੇ 125 ਕਰੋੜੀ ਦੇਸ਼ ਨੂੰ ਨਮੋਸ਼ੀ ਤੋਂ ਬਚਾ ਲਿਆ ਸੀ। 1990 ਦੀਆਂ ਬੀਜਿੰਗ ਖੇਡਾਂ ਵਿਚ ਤਿੰਨ ਸਿਲਵਰ ਫੇਰ ਜਿੱਤ ਲਏ। ਸਰਕਾਰ ਨੇ ਪਦਮ ਸ਼੍ਰੀ ਦਿੱਤਾ ਹੈ। ਜੇ ਥਾਪਾ ਜਿਹਾ ਫੜਕੇ ਖੇਡੀ ਹੁੰਦੀ, ਨਾਲੇ ਰੱਜ ਕੇ ਨੋਟ ਕਮਾਏ ਹੁੰਦੇ ਨਾਲੇ ਪਦਮ ਭੂਸ਼ਣ ਡੁੱਕ ਲੈਂਦੀ। ਪਰ ਕੀ ਕਰਦੀ ਗਰੀਬ ਦੀ ਧੀ ਜੋ ਸੀ। ਜਿੰਨਾਂ ਦਾ ਤਾਂ ਪਰਛਾਵਾਂ ਵੀ ਵਰਜਿਤ ਹੈ। ਪਦਮ ਸ਼੍ਰੀ ਥੋੜਾ ਇਹਨਾਂ ਲਈ ? ਕਿਸੇ ਹੋਰ ਦੇਸ਼ 'ਚ ਜੰਮੀ ਪਲੀ ਹੁੰਦੀ ਅਗਲਿਆਂ ਖੇਡ ਮੰਤਰੀ ਬਣਾ ਦੇਣੀ ਸੀ।

ਹਿਮਾ! ਅਜੇ ਤੂੰ ਮਹਿਜ਼ 19 ਸਾਲ ਤੇ 23 ਦਿਨਾ ਦੀ ਏਂ, ਬਹੁਤ ਅੱਗੇ ਜਾਣਾ ਏਂ। ਤੇਰੇ ਸਿਰ ਬਹੁਤ ਵੱਡੀ ਜਿੰ-ਮੇਵਾਰੀ ਹੈ। ਤੈਨੂੰ ਦੌੜਨਾ ਹੀ ਪੈਣਾ ਹੈ। ਦੇਸ਼ ਦੇ ਗਰੀਬ ਲੋਕਾਂ ਲਈ। ਉਹਨਾਂ ਦੀ ਸ਼ਾਨ ਲਈ। ਜਿੰਨਾ ਨੂੰ ਇਸ ਦੇਸ਼ ਵਿੱਚ ਮਨੁੱਖ ਹੀ ਨਹੀਂ ਸਮਝਿਆ ਜਾਂਦਾ , ਤੂੰ ਉਹਨਾਂ ਦੀ ਪਛਾਣ ਗੂੜੀ ਕੀਤੀ ਹੈ। ਦੇਸ਼ ਦੇ ਲੋਕਾਂ ਨੂੰ ਦੱਸ ਦਿੱਤਾ ਹੈ ਕੇ ਜੇ ਇਹਨਾਂ ਲੋਕਾਂ ਨੂੰ ਹਥਿਆਰ ਚਲਾਉਣ ਦੀ ਆਗਿਆ ਹੁੰਦੀ, ਦੇਸ਼ ਦਾ ਇਤਿਹਾਸ ਹੋਰ ਹੁੰਦਾ। ਦੇਸ਼ ਕਦੇ ਬਾਹਰੀ ਹਮਲਾਵਰਾਂ ਦਾ ਗੁਲਾਮ ਨਹੀਂ ਸੀ ਹੋਣਾ। ਮਾਰਸ਼ਲ ਲੋਕਾਂ ਨੂੰ ਨਿਹੱਥੇ ਕਰਕੇ ਸਹੀ ਨਤੀਜੇ ਨੀ ਮਿਲਦੇ ਹੁੰਦੇ। ਘੰਟੀਆਂ ਵਜਾ ਕੇ ਜੰਗਾਂ ਨੀ ਜਿੱਤ ਹੁੰਦੀਆਂ। ਤੂੰ ਦੱਸ ਦਿੱਤਾ ਏ ਕਿ ਤਮਗੇ ਜਿੱਤਣ ਲਈ ਖੂਨ ਵਹਾਉਣਾ ਪੈਂਦਾ।



ਹਿਮਾ ! ਤੂੰ ਦੇਸ਼ ਦੀਆਂ ਤਮਾਮ ਧੀਆਂ ਦਾ ਸਿਰ ਉੱਚਾ ਕੀਤਾ ਹੈ। ਕੰਵਲਜੀਤ ਸੰਧੂ ਦੇਸ਼ ਦੀ ਪਹਿਲੀ ਧੀ ਸੀ ਜਿਸਨੇ 1970 ਦੀਆਂ ਬੈਂਕਾਕ ਏਸ਼ੀਆਈ ਖੇਡਾਂ ਵਿੱਚ 800 ਮੀਟਰ 'ਚ ਸੋਨ ਤਗਮਾ ਜਿੱਤਿਆ ਸੀ। ਉਸਤੋਂ ਬਾਅਦ ਗੀਤਾ ਜੁਤਸ਼ੀ, ਜਯੋਤੀ ਸਿਕਦਰ, ਬੀਨਾਮੋਲ, ਅੰਜੂ ਬੌਬੀ ਜਾਰਜ, ਸ਼ਾਇਨੀ ਅਬਰਾਹਮ, ਰੋਜਾ ਕੁਟੀ, ਸੀਮਾ ਪੂਨੀਆ, ਸੁਨੀਤਾ ਰਾਣੀ ਸੁਨਾਮ, ਖੁਸ਼ਬੀਰ ਕੌਰ----ਕਿੰਨੀਆਂ ਹੀ ਨੇ ਜਿੰਨਾ ਨੇ ਐਥਲੈਟਿਕਸ ਵਿੱਚ ਮੱਲਾਂ ਮਾਰੀਆਂ ਨੇ। ਤੈਨੂੰ ਦੌੜਦਿਆਂ ਵੇਖ ਹਾਕੀ ਵਾਲੀ ਗੋਲਡਨ ਗਰਲ ਰਾਜਬੀਰ ਕੌਰ ਚੇਤੇ ਆਈ ਹੈ। ਹਾਕੀ ਵਾਲੀਆਂ ਸੈਣੀ ਸਿਸਟਰਜ ਯਾਦ ਆਈਆਂ ਨੇ। ਕੁਸ਼ਤੀ ਵਾਲੀਆਂ ਹਰਿਆਣਵੀ ਫੋਗਟ ਭੈਣਾਂ--ਗੀਤਾ, ਬਬੀਤਾ ਅੱਖਾਂ ਮੂਹਰੇ ਨੇ। ਟੈਨਿਸ ਸਟਾਰ ਸਾਨੀਆ ਮਿਰਜਾ, ਸਾਇਨਾ ਨੇਹਵਾਲ, ਮਹਾਨ ਮੁੱਕੇਬਾਜ਼ ਮੈਰੀਕੌਮ, ਜਿਮਨਾਸਟਿਕ ਵਿੱਚ ਇਤਿਹਾਸ ਸਿਰਜਣ ਵਾਲੀ ਦੀਪਾ ਕਰਮਾਕਰ, ਨਿਸ਼ਾਨੇ ਫੁੰਡਣ ਵਾਲੀ ਅੰਜਲੀ ਭਾਗਵਤ, ਕ੍ਰਿਕਟ ਵਾਲੀਆਂ ਮਿਥਾਲੀ ਰਾਜ ਤੇ ਮੋਗੇ ਵਾਲੀ ਕੁੜੀ ਹਰਮਨਪਰੀਤ, ਬੈਡਮਿੰਟਨ ਸਟਾਰ ਜਵਾਲਾ ਗੁਟਾ, ਕਰਨਮ ਮਲੇਸ਼ਵਰੀ ਤੇ ਹੋਰ ਕਿੰਨੀਆਂ ਹੀ ਮਹਾਨ ਖਿਡਾਰਨਾਂ ਦੀ ਪ੍ਰੰਪਰਾ ਨੂੰ ਅੱਗੇ ਤੋਰਿਆ ਹੈ।

ਅੱਜ ਮਨੂੰ ਤੇ ਤੁਲਸੀ ਦਾਸ ਵਰਗੇ ਔਰਤ ਨੂੰ ਪੈਰ ਦੀ ਜੁੱਤੀ ਆਖਣ ਵਾਲੇ ਸ਼ਰਮਿੰਦਾ ਹੁੰਦੇ ਹੋਣਗੇ। ਦਰੋਣਾਚਾਰੀਆ ਵੀ ਸ਼ਰਮਸਾਰ ਹੋਊ ਕਿ ਕਾਸ਼ ! ਏਕਲਵਯ ਤੋਂ ਅਗੂੰਠਾ ਨਾ ਲਿਆ ਹੁੰਦਾ। ਹਿਮਾ ! ਤੂੰ ਸੁਚੇਤ ਰਹੀ ਕੋਈ ਦਰੋਣਾਚਾਰੀਆ ਤੇਰਾ ਅਗੂੰਠਾ ਨਾ ਲੈ ਲਵੇ। ਉਂਜ ਤੂੰ ਬੜੀ ਖੁਸ਼ਕਿਸਮਤ ਏਂ ਜਿਸਨੂੰ ਨਿਪਨ ਵਰਗਾ ਕੋਚ ਮਿਲਿਆ ਹੈ।

ਹਿਮਾ ! ਅਜੇ ਕੱਲ੍ਹ ਦੀ ਗੱਲ ਹੈ ਜਦੋਂ ਤੂੰ ਰਾਸ਼ਟਰ ਮੰਡਲ ਖੇਡਾਂ ਵਿਚ 400ਮੀਟਰ ਦੌੜ 'ਚੋਂ 51,32 ਸੈਕਿੰਡ ਦੇ ਸਮੇਂ ਨਾਲ ਛੇਵੇਂ ਸਥਾਨ 'ਤੇ ਆਈ ਸੀ। ਪਰ ਅਸ਼ਕੇ ਤੇਰੇ ਤੂੰ ਨਿਰਾਸ਼ ਨਹੀਂ ਹੋਈ ਤੇ ਜਕਾਰਤਾ ਏਸ਼ੀਆਈ ਖੇਡਾਂ ਵਿੱਚ 4 ×400 ਮੀਟਰ ਦੌੜ ਵਿਚੋਂ ਸੋਨ ਤਗਮਾ ਜਿੱਤ ਲਿਆ। 4×400 ਮਿਕਸਡ ਵਿੱਚ ਵੀ ਸੋਨ ਜਿੱਤਿਆ ਤੇ 400 ਮੀਟਰ 'ਚ ਸਿਲਵਰ। ਬਾਪ ਦੇ ਦੋ ਕਿਲੇ ਜਮੀਨ 'ਚ ਦੌੜਦੀ ਹੋਈ ਸਟਾਰ ਬਣ ਗਈ ਏਂ । ਪ੍ਰੈਕਟਿਸ ਕਰਨ ਲਈ ਖੇਡ ਮੈਦਾਨ ਵੀ ਹੈਨੀ ਸੀ। ਅੱਜ ਤੂੰ ਆਸਾਮ ਦੇ ਨਗਾਉਂ ਜਿਲੇ ਦੇ ਪਿੰਡ ਡਿੰਗ ਦਾ ਹੀ ਮਾਣ ਨਹੀਂ, ਸਾਡਾ ਸਾਰਿਆਂ ਦਾ ਮਾਣ ਏਂ। ਸਾਨੂੰ ਮਾਣ ਹੈ ਕਿ 50 ਕੁ ਕਿਲੋ ਭਾਰ ਦੀ 5ਫੁੱਟ ਪੰਜ ਇੰਚ ਕੱਦ ਵਾਲੀ ਸਾਡੀ ਧੀ ਨੇ ਦੁਨੀਆਂ ਨੂੰ ਦੱਸ ਦਿੱਤਾ ਹੈ ਕਿ ਇਨਸਾਨ ਸਾਰੇ ਬਰਾਬਰ ਹੁੰਦੇ ਨੇ। ਆਪਣੇ ਆਪ ਨੂੰ ਉੱਚੇ ਸਮਝਣ ਵਾਲੇ ਅਸਲ ਵਿੱਚ ਨੀਵੇਂ ਹੁੰਦੇ ਨੇ। ਕਾਬਲੀਅਤ ਕਿਸੇ ਦੇ ਪਿਉ ਦੀ ਜਾਗੀਰ ਨਹੀਂ ਹੈ।

ਹਿਮਾ ! 400 ਮੀਟਰ ਦਾ ਰਾਸ਼ਟਰੀ ਰਿਕਾਰਡ 50-79 ਸੈਕਿੰਡ ਦੇ ਸਮੇਂ ਨਾਲ ਤੇਰੇ ਨਾਮ ਬੋਲਦਾ ਹੈ ਜੋ ਤੂੰ ਜਕਾਰਤਾ ਏਸ਼ੀਆਈ ਖੇਡਾਂ ਵਿੱਚ ਪੈਦਾ ਕੀਤਾ ਸੀ। ਅਸੀਂ ਤੇਰੇ ਆਪਣੇ, ਚਾਹੁੰਦੇ ਹਾਂ ਕਿ ਆਪਣੇ ਰਿਕਾਰਡ ਨੂੰ ਤੂੰ ਆਪ ਹੀ ਤੋੜ ਦੇਵੇਂ। ਅਸੀਂ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਾਂ।

ਤੇ ਹਾਂ ! ਹਿਮਾ ਧੀਏ, ਜੇਤੂ ਮੰਚ 'ਤੇ ਖੜੀ ਭਾਵਕ ਨਾ ਹੋਇਆ ਕਰ। ਅਜੇ ਤੇਰੇ ਭਾਵਕ ਹੋਇਆਂ ਸਰਨਾ ਨਹੀਂ। ਬਹੁਤ ਚਿਰ ਪਹਿਲਾਂ ਗਰੀਬਾਂ ਦੀ ਧੀ ਪੀ ਟੀ ਊਸ਼ਾ ਨੇ 4 ਸੋਨ ਤਮਗੇ ਜਿੱਤ ਕੇ ਦੇਸ਼ ਦੀ ਲਾਜ ਰੱਖੀ ਸੀ, ਹੁਣ ਤੇਰੀ ਵਾਰੀ ਹੈ। ਤੂੰ 100, 200,400, 4×400,4×100 ਤੇ 4×400 ਮੀਟਰ ਮਿਕਸਡ ਰੀਲੇਅ ਦੀ ਬੇਨਜ਼ੀਰ ਧਾਵਕ ਏਂ। ਆਪਣੀ ਵੱਡੀ ਦੀਦੀ ਤੇ ਗੁਰੂ ਪੀ ਟੀ ਊਸ਼ਾ ਵਾਂਗ ਗੋਲਡਨ ਗਰਲ ਅਖਵਾਉਣਾ ਏ।

2 ਜੁਲਾਈ ਪੋਲੈਂਡ ਵਿੱਚ ਜਿੱਤੇ ਪਹਿਲੇ ਤਮਗੇ ਤੋਂ ਅੱਜ 23 ਜੁਲਾਈ ਨੂੰ ਜਿੱਤੇ ਛੇਵੇਂ ਤਗਮੇ ਤੱਕ ਦੀ ਯਾਤਰਾ ਲਈ ਤੈਨੂੰ ਮੈਨੂੰ ਸਾਰਿਆਂ ਨੂੰ ਵਧਾਈਆਂ। ਸਾਡੀਆਂ ਸ਼ੁੱਭ ਇਛਾਵਾਂ ਤੇ ਦੁਆਵਾਂ ਤੇਰੇ ਨਾਲ ਨੇ। ਟਵਿਟਰ 'ਤੇ ਨਹੀਂ ਅਸੀਂ ਆਪਣੇ ਦਿਲ 'ਤੋਂ ਸ਼ੁਭ ਇਛਾਵਾਂ ਭੇਜਦੇ ਹਾਂ।

ਤੇਰਾ ਸਫਰ ਜਾਰੀ ਰਹਿਣਾ ਚਾਹੀਦਾ ਹੈ ! ਤੂੰ ਦੌੜਨਾ ਏਂ। ਆਪਣੇ ਲਈ। ਮਾਂ ਬਾਪ ਲਈ। ਡਿੰਗ ਤੇ ਆਸਾਮ ਲਈ। ਦੇਸ਼ ਲਈ ਤੇ ਦੇਸ਼ ਦੇ ਦੱਬੇ ਕੁਚਲੇ ਲੋਕਾਂ ਦੀ ਸ਼ਾਨ ਸਲਾਮਤ ਰੱਖਣ ਲਈ।

ਹਿਮਾ ! ਦੇਸ਼ ਟੈਕਸ ਚੋਰਾਂ ਦਾ ਨਹੀਂ , ਆਪਣਾ ਹੈ। ਅਸਲੀ ਲੋਕਾਂ ਦਾ। ਤਕੜੀ ਹੋਕੇ ਖੇਡ। ਜਿੰਦਗੀ ਜਿੰਦਾਬਾਦ !



BERKSHIRE HATHAWAY
Home Services
ELITE REAL ESTATE
Shangara Ram
Realtor CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਪਾਣੀ ਸੰਕਟ ਦੀ ਚੁਣੌਤੀ ਵਿਰੁੱਧ ਸਾਂਝੇ ਹੰਭਲੇ ਦੀ ਲੋੜ



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਇਹ ਇੱਕ ਅਟੱਲ ਸਚਾਈ ਹੈ-"ਜਲ ਹੀ ਜੀਵਨ ਹੈ।ਰੁੱਖ ,ਕੁੱਖ ਅਤੇ ਜਲ ਮਨੁੱਖੀ ਜੀਵਨ ਦਾ ਮੂਲ ਆਧਾਰ ਹਨ।।ਪਾਣੀ ਬਿਨਾਂ ਤਾਂ ਜੀਵਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।ਮਨੁੱਖੀ ਸਰੀਰ ਵੀ ਹੱਡੀਆਂ ਅਤੇ ਮਾਸ ਸਮੇਤ 80% ਪਾਣੀ ਦਾ ਬਣਿਆ ਹੋਇਆ ਹੈ।ਸ਼ਾਇਦ ਇਸੇ ਲਈ ਇਸਨੂੰ ਵਿਦਵਾਨਾਂ ਨੇ ਪਾਣੀ ਦਾ ਬੁਲਬਲਾ ਕਿਹਾ ਹੈ। ਗੁਰਬਾਣੀ ਵਿੱਚ ਵੀ ਗੁਰੂ ਸਾਹਿਬ ਨੇ ਪਾਣੀ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਲਿਖਿਆ ਹੈ, "ਪਹਿਲਾਂ ਪਾਣੀ ਜੀਓ ਹੈ, ਜਿਤੁ ਹਰਿਆ ਸਭ ਕੋਇ।।" ਗੁਰੂ ਸਾਹਿਬ ਨੇ ਪਾਣੀ ਨੂੰ ਪਿਤਾ ਦਾ ਦਰਜਾ ਦੇਕੇ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਰਾਹੀਂ ਇਸਦੀ ਜੀਵਣ ਪ੍ਰਤੀ ਅਤਿਅੰਤ ਜਰੂਰਤ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਹਰ ਦਿਨ ਦੀ ਸ਼ੁਰੂਆਤ ਵੀ ਪਾਣੀ ਦੀ ਲੋੜ ਨਾਲ ਹੁੰਦੀ ਹੈ। ਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਵੀ ਜ਼ਿਕਰ ਕਰਦਿਆਂ ਲਿਖਿਆ ਹੈ-
"ਭਰੀਐ ਹਾਥੁ ਪੈਰੁ ਤਨੁ ਦੇਹ
ਪਾਣੀ ਧੋਤੈ ਉਤਰਸੁ ਖੇਹ।।"

ਪਰ ਮਨੁੱਖ ਨੇ ਲਾਲਚਵੱਸ ਕੁਦਰਤੀ ਦਾਤਾਂ ਨੂੰ ਬੇਰਹਿਮੀ ਨਾਲ ਖਤਮ ਕਰਨ ਅਤੇ ਪ੍ਰਦੂਸ਼ਿਤ ਕਰਨ ਚ ਕੋਈ ਕਸਰ ਬਾਕੀ ਨਹੀਂ ਛੱਡੀ। ਵਿੱਤੋਂ ਬਾਹਰ ਇੱਛਾਵਾਂ ਦੀ ਪੂਰਤੀ ਲਈ ਹਰ ਜਾਇਜ ਨਜਾਇਜ਼ ਹਰਬਾ ਵਰਤਿਆ ਅਤੇ ਕੁਦਰਤੀ ਅਮਾਨਤਾਂ ਪ੍ਰਤੀ ਬੇਪਰਵਾਹੀ ਵਰਤੀ। ਫੈਕਟਰੀਆਂ ਦਾ ਰਸਾਇਣ ਭਰਪੂਰ ਪਾਣੀ,ਰਸਾਇਣਕ ਪਦਾਰਥਾਂ ਦੀ ਲੋੜੋਂ ਵੱਧ ਵਰਤੋਂ, ਸੀਵਰੇਜ ਦਾ ਬਿਨਾਂ ਸ਼ੁੱਧੀਕਰਣ ਤੋਂ ਪਾਣੀ, ਧੂੰਆਂ, ਖਾਦਾਂ, ਕੀੜੇ ਮਾਰ ਦਵਾਈਆਂ, ਵਾਹਨਾਂ ਦਾ ਧੂੰਆਂ, ਪਲਾਸਟਿਕ ਲਿਫਾਫੇ ਆਦਿ ਨੇ ਸਾਡੇ ਵਾਤਾਵਰਨ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਸਿੱਟੇ ਵਜੋਂ ਅਸੀਂ ਆਪਣੀ ਖੁਸ਼ਹਾਲ ਜਿੰਦਗੀ ਜਿਊਣ ਦੇ ਲਾਲਚ ਆਪਣੀ ਮੌਤ ਆਪ ਸਹੇੜ ਕੇ ਭਵਿੱਖ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਖਤਰਾ ਪੈਦਾ ਕਰ ਦਿੱਤਾ ਹੈ। ਗੁਰੂ ਸਾਹਿਬਾਨ ਦੇ ਸੰਦੇਸ਼ ਤੋਂ ਮੁਨਕਰ ਹੋ ਕੁਦਰਤ ਨਾਲ ਖਿਲਵਾੜ ਕਰਕੇ "ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ" ਵਾਲੀ ਸਥਿਤੀ ਪੈਦਾ ਕਰ ਲਈ ਹੈ।

ਜਿਵੇਂ ਉੱਪਰ ਜ਼ਿਕਰ ਕੀਤਾ ਹੈ ਪਾਣੀ ਬਿਨਾਂ ਜੀਵਨ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਪਰ ਅਸੀਂ ਪਾਣੀ ਨੂੰ ਜ਼ਹਿਰੀਲਾ ਕਰਕੇ ਖਾਤਮੇ ਦੀ ਹੱਦ ਤੇ ਲੈ ਆਂਦਾ ਹੈ। ਪੂਰੀ ਦੁਨੀਆਂ ਵਿੱਚ ਨੂੰ ਸੰਭਾਲਣ ਅਤੇ ਨਜ਼ਾਇਜ਼ ਵਰਤੋਂ ਤੋਂ ਸੰਕੋਚ ਕਰਨ ਦੀਆਂ ਅਪੀਲਾਂ ਵਿਅੱਰਥ ਹੁੰਦੀਆਂ ਜਾਪ ਰਹੀਆਂ ਹਨ। ਹੁਣ ਪੰਜਾਬ ਵਿੱਚ ਪਾਣੀ ਦਾ ਸੰਕਟ ਦਿਨੋਂ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ। ਪਿਛਲੇ ਕਈ ਦਹਾਕਿਆਂ ਤੋਂ ਹਰੀ ਕ੍ਰਾਂਤੀ ਦੀ ਆੜ ਹੇਠ ਅੱਖਾਂ ਮੀਚ ਧਰਤੀ ਹੇਠਲੇ ਪਾਣੀ ਨੂੰ ਬੇਰੋਕ ਕੱਢ ਕੇ ਆਪਣਾ ਸੋਮਾ ਖਤਮ ਕਰ ਲਿਆ ਹੈ। ਸਾਡੇ ਦਾਦਿਆਂ ਨੇ ਪਾਣੀ ਖੂਹਾਂ ਚ ਦੇਖਿਆ ਸੀ ਅਤੇ ਸਾਡੇ ਪਿਤਾ ਨੇ ਨਲਕਿਆਂ ਚ ਅਤੇ ਅਸੀਂ ਸਬਮਰਸੀਬਲ ਮੋਟਰਾਂ ਤੇ ਅਤੇ ਅਗਲੀ ਪੀੜ੍ਹੀ ਬੋਤਲਾਂ ਚ ਪਾਣੀ ਦੇਖķਪੀ ਰਹੀ ਹੈ। ਧਰਤੀ ਉੱਤੇ 70.8% ਪਾਣੀ ਦੀ ਮਾਤਰਾ ਮੌਜੂਦ ਹੈ। ਇਸਦਾ 97.5% ਹਿੱਸਾ ਖਾਰੇ ਪਾਣੀ ਦੇ ਰੂਪ 'ਚ ਸਮੁੰਦਰਾਂ 'ਚ,1.5% ਪਹਾੜਾਂ ਤੇ ਗਲੇਸ਼ੀਅਰ ਦੇ ਰੂਪ ਚ ਅਤੇ ਸਿਰਫ 1% ਪੀਣਯੋਗ ਪਾਣੀ ਨਦੀਆਂ, ਝਰਨਿਆਂ ਅਤੇ ਧਰਤੀ ਹੇਠ ਹੈ।ਇਸ 1% ਪੀਣਯੋਗ ਪਾਣੀ ਦਾ 60% ਉਦਯੋਗਾਂ ਅਤੇ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ, ਜਦਕਿ 40% ਘਰੇਲੂ ਅਤੇ ਹੋਰ ਲੋੜਾਂ ਲਈ ਵਰਤੋਂ 'ਚ ਆਉਂਦਾ ਹੈ। ਇਸ ਵੇਲੇ ਪੰਜਾਬ ਦੀ 72 ਫੀਸਦੀ ਖੇਤੀ ਟਿਊਬਵੈੱਲ ਅਧਾਰਿਤ ਸਿੰਚਾਈ ਤੇ ਨਿਰਭਰ ਹੈ।ਸਿਰਫ 28 ਫੀਸਦੀ ਨਹਿਰੀ ਪਾਣੀ ਤੇ।ਧਰਤੀ ਹੇਠਲੇ ਪਾਣੀ ਵਿੱਚ ਤੇਜ਼ਾਬੀ ਤੱਤਾਂ ਫਲੋਰ-ਾਈਡ,ਯੂਰੇਨੀਅਮ, ਪਾਰਾ,ਕੈਲਸ਼ੀਅਮ, ਮੈਗਨੀਸ਼ੀਅਮ, ਆਰਸੈਨਿਕ, ਸਾਲਟ, ਕਾਰਬੋਨੇਟਸ, ਸਲਫੇਟਸ, ਨਾਈਟਰੇਟਸ, ਪਾਰਾ ਆਦਿ ਦੀ ਬਹੁਤਾਤ ਨੇ ਪਾਣੀ ਨੂੰ ਤੇਜ਼ਾਬੀ ਹੀ ਨਹੀਂ ਬਣਾਇਆ ਬਲਕਿ ਨਾਪੀਣਯੋਗ ਕਰ ਦਿੱਤਾ ਹੈ। ਜੇਕਰ ਅੰਕੜਿਆਂ ਤੇ ਗੌਰ ਕਰੀਏ ਤਾਂ 1984 ਵਿੱਚ ਪੰਜਾਬ ਦੇ ਸਿਰਫ 53 ਬਲਾਕਾਂ ਦਾ ਪਾਣੀ ਦੂਸ਼ਿਤ ਕਰਾਰ ਦਿੱਤਾ ਗਿਆ ਸੀ। ਪਰ 1995 ਚ ਗਿਣਤੀ 84 ਦਾ ਅੰਕੜਾ ਪਾਰ ਕਰ ਗਈ ਸੀ ਅਤੇ 2008 ਵਿੱਚ ਇਹ ਗਿਣਤੀ ਵਧਕੇ 108 ਹੋ ਗਈ ਸੀ। ਉਸ ਵੇਲੇ 138 ਬਲਾਕਾਂ ਚੋਂ 108 ਬਲਾਕਾਂ ਦਾ ਪਾਣੀ ਨਾਪੀਣਯੋਗ ਹੋ ਗਿਆ ਸੀ। ਇਹ ਸਾਰੇ ਬਲਾਕ "ਡਾਰਕ ਜ਼ੋਨ" ਕਰਾਰ ਦੇ ਦਿੱਤੇ ਗਏ ਸਨ।ਪਰ ਹੁਣ 147 ਬਲਾਕ ਹੀ ਡਾਰਕ ਜ਼ੋਨ 'ਚ ਹਨ।ਕਿਉਂਕਿ ਔਸਤਨ 200 ਫੁੱਟ ਤੱਕ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ ਹੈ। ਇਸ ਨਾਲ ਪੀਣਯੋਗ ਪਾਣੀ ਦੀ ਗੰਭੀਰ ਸਮੱਸਿਆ ਖੜੀ ਹੋ ਗਈ ਹੈ। 1980 ਵਿੱਚ ਪੰਜਾਬ ਦੇ ਕੇਵਲ 3712 ਪਿੰਡ ਅਸ਼ੁੱਧ ਪਾਣੀ ਦੀ ਸਮੱਸਿਆ ਨਾਲ ਪੀੜਤ ਸਨ, ਪਰ ਹੁਣ ਪੰਜਾਬ ਦੇ 12581 ਚੋਂ 11849 ਪਿੰਡ ਤੇਜ਼ਾਬੀ ਕਾਰਕਾਂ ਨਾਲ ਦੂਸ਼ਿਤ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਵਿਗਿਆਨ ਅਤੇ ਵਾਤਾਵਰਣ ਸਟੱਡੀ ਅਤੇ ਪੀ ਜੀ ਆਈ ਚੰਡੀਗੜ੍ਹ ਦੇ ਸਰਵੇਖਣ ਅਨੁਸਾਰ ਖੇਤੀਬਾੜੀ ਦੀ ਪੈਦਾਵਾਰ ਵਧਾਉਣ ਲਈ ਵਰਤੇ ਜਾਂਦੇ ਕੀਟ ਨਾਸ਼ਕ ਅਤੇ ਰਸਾਇਣਾਂ ਦਾ ਅਸਰ ਸਾਡੇ ਖਾਧ ਪਦਾਰਥਾਂ ਅਤੇ ਪਾਣੀ ਚ ਤੇਜ਼ਾਬੀ ਤੱਤਾਂ ਦੀ ਮਾਤਰਾ ਲਿਮਟ ਤੋਂ ਬਹੁਤ ਜਿਆਦਾ ਹੈ। ਮਨੁੱਖੀ ਖੂਨ ਦੇ ਟੈਸਟਾਂ ਚ ਵੀ ਕੀਟਨਾਸ਼ਕ ਦਵਾਈਆਂ ਦੇ ਤੱਤ ਪਾਏ ਗਏ ਹਨ। ਸਿੱਟੇ ਵਜੋਂ ਹੈਪੈਟਾਈਟਸ, ਮੈਸਟਰੋਨਿਕਸ, ਜੋੜ ਦਰਦ, ਦਮਾ, ਕੈਂਸਰ, ਖਾਂਸੀ ਆਦਿ ਨਾਮੁਰਾਦ ਬਿਮਾਰੀਆਂ ਨੇ ਪੰਜਾਬੀਆਂ ਨੂੰ ਆਪਣੀ ਜਕੜ 'ਚ ਲੈ ਲਿਆ ਹੈ। ਦਿਲ ਕੰਬਾਊ ਰਿਪੋਰਟਾਂ ਦੇ ਬਾਵਜੂਦ ਵੀ ਸਭ ਵੱਡੀ ਤਰਾਸਦੀ ਇਹ ਹੈਕਿ ਲੋਕ ਇਹ ਅਸ਼ੁੱਧ ਪਾਣੀ ਪੀ ਰਹੇ ਹਨ।

ਪਾਣੀ ਵਿੱਚ ਤੇਜ਼ਾਬੀ ਅਸ਼ੁੱਧੀਆਂ ਦਾ ਕਾਰਨ ਫੈਕਟਰੀਆਂ ਦਾ ਤੇਜ਼ਾਬੀ ਪਾਣੀ, ਖੇਤੀਬਾੜੀ ਚ ਤੇਜ਼ਾਬੀ ਖਾਦਾਂ ਅਤੇ ਪੈਸਟੀਸਾਈਡ ਦੀ ਜਰੂਰਤ ਤੋਂ ਵੱਧ ਵਰਤੋਂ ਨੇ ਪੀਣ ਵਾਲੇ ਪੀਣ ਪਾਣੀ ਦੀ ਹਾਲਤ ਤਰਸਯੋਗ ਬਣਾ ਦਿੱਤੀ ਹੈ। ਇਸਦੇ ਬਾਵਜੂਦ ਵੀ ਇਹ ਵਰਤਾਰਾ ਅਤੇ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਲਗਾਤਾਰ ਜ਼ਾਰੀ ਹੈ।

ਦੂਸਰੇ ਪਾਸੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਗਿਰ ਰਿਹਾ ਹੈ। ਅੰਕੜਿਆਂ ਤੇ ਨਜ਼ਰ ਮਾਰੀਏ ਤਾਂ 1973 ਚ ਪੰਜਾਬ ਦਾ ਸਿਰਫ 3% ਖੇਤਰ ਚ ਧਰਤੀ ਥੱਲੇ ਪਾਣੀ ਦਾ ਪੱਧਰ 10 ਮੀਟਰ ਸੀ , 1989 ਚ ਇਹ 14.9%, 1992 ਚ 20%, 2000 ਚ 53%, 2002 ਚ 76% ,2004 ਚ 90% ਪਹੁੰਚ ਗਿਆ ਸੀ ਅਤੇ ਜੋ ਹੁਣ 100% ਹੋ ਗਿਆ ਹੈ। ਹੁਣ ਪੂਰੇ ਪੰਜਾਬ 'ਚ ਪਾਣੀ ਦਾ ਪੱਧਰ ਔਸਤਨ 21 ਮੀਟਰ ਤੋਂ ਵੀ ਜਿਆਦਾ ਹੈ। ਪੰਜਾਬ ਦੇ ਕਈ ਖੇਤਰਾਂ 'ਚ 400 ਮੀਟਰ ਡੂੰਘੇ ਟਿਊਬਵੈੱਲ ਲੱਗਣੇ ਸ਼ੁਰੂ ਹੋ ਗਏ ਹਨ। ਪਹਿਲਾਂ ਪਾਣੀ ਖੂਹਾਂ ਚੋਂ ਮੁੱਕਿਆ, ਫੇਰ ਨਲਕਿਆਂ ਦੀ ਪਹੁੰਚ ਤੋਂ ਦੂਰ ਹੋਇਆ। ਲੋਕਾਂ ਨੇ 50 ਫੁੱਟ ਡੂੰਘੀਆਂ ਖੂਹੀਆਂ 'ਚ ਟਿਊਬਵੈਲ ਚਲਾਏ, ਅੰਤ ਸਭ ਵਿਅਰਥ। ਫਿਰ ਸਬਮਰਸੀਬਲ ਮੋਟਰਾਂ ਦਾ ਦੌਰ ਸ਼ੁਰੂ ਹੋਇਆ, ਅੰਤ ਕਦੋ ਤੱਕ ਇਹ ਪਾਣੀ ਕੱਢਣਗੀਆਂ। ਅਖੀਰ ਹੋਰਨਾਂ ਸਾਧਨਾਂ ਵਾਂਗ ਇੱਕ ਦਿਨ ਪਾਣੀ ਇਹਨਾਂ ਦੂ ਪਹੁੰਚ ਵਿੱਚ ਵੀ ਨਹੀਂ ਰਹੇਗਾ। ਭਾਰਤ ਵਿੱਚ 1951 ਵਿੱਚ ਪ੍ਰਤੀ ਵਿਆਕਤੀ 5177 ਘਣ ਮੀਟਰ ਉਪਲੱਬਧ ਸੀ, ਪਰ 2025 ਵਿੱਚ ਇਹ ਘਟ ਕੇ 1941 ਘਣ ਮੀਟਰ ਰਹਿ ਜਾਵੇਗੀ। ਪਾਣੀ ਦੀ ਕੰਢੀ ਏਰੀਏ ਅਤੇ ਪਟਿਆਲਾ ਜਿਲ੍ਹੇ ਦੇ ਘੱਗਰ ਨਾਲ ਲੱਗਦੇ ਇਲਾਕਿਆਂ ਦੀ ਸਥਿਤੀ ਹੋਰ ਵੀ ਗੰਭੀਰ ਹੈ। ਪਟਿਆਲਾ ਜਿਲ੍ਹੇ ਦੇ ਬਨੂੜ ਖੇਤਰ, ਬਲਾਕ ਘਨੌਰ, ਭੁੱਨਰਹੇੜੀ, ਸਮਾਣਾ ਅਤੇ ਪਾਤੜਾਂ ਬਲਾਕਾਂ 'ਚ ਪੰਜ ਦਰਾ, ਸਤਲੁਜ ਯਮੁਨਾ ਲਿੰਕ ਨਹਿਰ ਅਤੇ ਘੱਗਰ ਨੇ ਧਰਤੀ ਹੇਠਲੇ ਪਾਣੀ ਨੂੰ ਤੇਜ਼ਾਬੀ ਅਸ਼ੁੱਧੀਆਂ ਨਾਲ ਭਰਪੂਰ ਕਰ ਦਿੱਤਾ ਹੈ, ਕਿਉਂਕਿ ਖਰੜ, ਮੋਹਾਲੀ, ਪੰਚਕੂਲਾ, ਪ੍ਰਮਾਣੂ, ਕਾਲਕਾ, ਪਿੰਜੌਰ ਅਤੇ ਚੰਡੀਗੜ੍ਹ ਦਾ ਸੀਵਰੇਜ ਦਾ ਪਾਣੀ ਇਹਨਾਂ ਵਿੱਚ ਛੱਡਿਆ ਜਾ ਰਿਹਾ ਹੈ। ਇਸ ਖੇਤਰ ਪਾਣੀ ਦਾ ਪੱਧਰ ਔਸਤਨ 60 ਮੀਟਰ ਹੈ ਅਤੇ ਧਰਤੀ ਹੇਠ ਪਾਣੀ ਵੀ ਬਹੁਤ ਘੱਟ ਹੈ। ਕਿਸਾਨ ਆਪਣੀਆਂ ਫਸਲਾਂ ਨੂੰ ਸਿੰਜਣ ਲਈ ਇਹਨਾਂ ਚੋਂ ਤੇਜ਼ਾਬੀ ਪਾਣੀ ਚੁੱਕ ਕੇ ਵਰਤੋਂ ਚ ਲਿਆਉਂਦੇ ਹਨ, ਜਿਸ ਨਾਲ ਇਸਦਾ ਕੁੱਝ ਹਿੱਸਾ ਧਰਤੀ ਹੇਠ ਜਾਕੇ ਧਰਤੀ ਹੇਠਲੇ ਪਾਣੀ ਅਤੇ ਜਮੀਨ ਨੂੰ ਤੇਜ਼ਾਬੀ ਕਰ ਰਹੇ ਹਨ, ਜੋ ਇੱਕ ਬਹੁਤ ਹੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਖੇਤਰ ਦੇ ਲੋਕ ਕੈਂਸਰ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਮਨੁੱਖਤਾ ਦਾ ਘਾਣ ਹੋ ਰਿਹਾ ਹੈ।

ਲੋਕਾਂ ਨੇ ਸ਼ੁੱਧ ਪਾਣੀ ਲਈ ਘਰਾਂ ਚ ਆਰ.ਓ. ਲਗਵਾ ਕੇ ਪੀਣ ਦੇ ਪਾਣੀ ਦੀ ਪੂਰਤੀ ਤਾਂ ਕਰ ਲਈ ਹੈ, ਪਰ ਇਸ ਵਿਚਲੇ ਲੋੜੀਂਦੇ ਤੱਤਾਂ ਤੋਂ ਵੀ ਵਿਰਵਾ ਪਾਣੀ ਪੀਣ ਲਈ ਲੋਕ ਮਜਬੂਰ ਹਨ।ਬੇਸ਼ੱਕ ਸਰਕਾਰ ਨੇ ਪਿੰਡਾਂ ਵਿੱਚ ਵੱਡੇ ਪੱਧਰ ਤੇ ਆਰ.ਓ. ਲਗਾ ਕੇ ਲੋਕਾਂ ਨੂੰ ਕੁੱਝ ਦੇਣ ਦੀ ਕੋਸ਼ਿਸ਼ ਕੀਤੀ ਹੈ, ਪਰ ਜਾਗਰੂਕਤਾ ਦੀ ਘਾਟ ਕਾਰਨ ਇਹ ਪਿੰਡਾਂ ਦੇ ਲੋਕਾਂ ਨੂੰ ਮੁਆਫਿਕ ਨਹੀਂ ਆ ਰਹੇ।

ਮਨੁੱਖ ਨੇ ਕੁਦਰਤੀ ਸੋਮਿਆਂ ਪ੍ਰਤੀ ਬੇਹੱਦ ਅਣਗਹਿਲੀ ਦਿਖਾਈ। ਇਹਨਾਂ ਨੂੰ ਸਾਂਭਣ ਵੱਲ ਕੋਈ ਤਵੱਜੋ ਨਹੀਂ ਦਿੱਤੀ। ਦਰਿਆਵਾਂ ਦੇ ਪਾਣੀ ਨੂੰ ਖੇਤੀਬਾੜੀ ਸੈਕਟਰ 'ਚ ਵਰਤਣ ਦੀ ਲੋੜ ਮਹਿਸੂਸ ਨਹੀਂ ਕੀਤੀ। ਸੂਏ, ਕੱਸੀਆਂ ਦੀ ਜ਼ਮੀਨ ਤੇ ਕਬਜ਼ਾ ਕਰਕੇ ਉਹਨਾਂ ਦੀ ਹੋਂਦ ਖਤਮ ਕਰ ਦਿੱਤੀ ਹੈ ਅਤੇ ਨਹਿਰੀ ਪਾਣੀ ਦੀ ਵਰਤੋਂ ਦੀ ਲੋੜ ਮਹਿਸੂਸ ਨਹੀਂ ਕੀਤੀ। ਬਿਜਲੀ ਦੀ ਮੁਫਤ ਸਹੂਲਤ ਦੇਖਦਿਆਂ ਦੀ ਪਾਣੀ ਲੋੜ ਪੂਰੀ ਕਰਨ ਹਿੱਤ ਦੇਖਾ ਦੇਖੀ ਅੰਧਾਧੁੰਦ ਟਿਊਬਵੈੱਲ ਲਗਾਉਣੇ ਸ਼ੁਰੂ ਕਰ ਦਿੱਤੇ। ਇਸ ਵੇਲੇ ਪੰਜਾਬ ਚ 14.5 ਲੱਖ ਤੋਂ ਵੱਧ ਟਿਊਬਵੈੱਲ ਚੱਲ ਰਹੇ ਹਨ। ਸਵਾ ਲੱਖ ਦੇ ਲਗਭਗ ਟਿਊਬਵੈੱਲ ਲਈ 2016 ਚ ਬਿਜਲੀ ਦੇ ਨਵੇਂ ਕੁਨੈਕਸ਼ਨ ਜਾਰੀ ਕੀਤੇ ਗਏ ਸਨ। ਪੰਜਾਬ 'ਚ ਇਸ ਵੇਲੇ ਔਸਤਨ 10-15 ਫੁੱਟ ਦੀ ਦੂਰੀ ਤੇ ਟਿਊਬਵੈੱਲ ਚੱਲ ਰਿਹਾ ਹੈ।

ਪੰਜਾਬ ਵਿੱਚ ਚ ਨਿਰੰਤਰ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਰੋਕਣ ਲਈ ਜੇਕਰ ਸੁਚੱਜੇ ਅਤੇ ਲੋੜੀਂਦੇ ਪ੍ਰਬੰਧ ਨਾ ਕੀਤੇ ਤਾਂ ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਅੰਕੜਿਆਂ ਮੁਤਾਬਿਕ ਪੰਜਾਬ ਦਾ ਜਿਲ੍ਹਾ ਹੁਸ਼ਿਆਰਪੁਰ ਚ ਦਸੂਹਾ, ਮੁਕੇਰੀਆਂ, ਹਾਜੀਪੁਰ, ਟਾਂਡਾ ਇਲਾਕੇ ਨੂੰ ਛੱਡਕੇ ਪਾਣੀ ਦਾ ਪੱਧਰ 59.25 ਮੀਟਰ ਖਤਰਨਾਕ ਸਥਿਤੀ ਤੇ ਹੈ, ਜੋ ਜੂਨ 2016 ਤੋਂ ਜੂਨ 2017 ਤੱਕ 1.88 ਮੀਟਰ ਡਿੱਗਿਆ ਹੈ। ਰੋਪੜ ਦੇ ਆਨੰਦਪੁਰ ਅਤੇ ਨੂਰਪੁਰ ਬੇਦੀ 'ਚ ਪਾਣੀ ਦਾ ਪੱਧਰ 32.59 ਮੀਟਰ ਹੈ, ਜੋ ਇੱਕ ਸਾਲ 1.14 ਮੀਟਰ ਹੇਠਾਂ ਗਿਆ ਹੈ। ਜਿਲ੍ਹਾ ਮੁਹਾਲੀ ਦੇ ਖਰੜ ਇਲਾਕੇ ਦੇ ਪਾਣੀ ਦਾ ਪੱਧਰ ਇੱਕ ਦਹਾਕੇ ਚ 52.45 ਮੀਟਰ ਤੇ ਪੁੱਜ ਗਿਆ ਹੈ, ਜਦਕਿ ਬਾਕੀ ਬਲਾਕਾਂ ਦਾ 48.85 ਮੀਟਰ ਹੈ, ਜੋ ਸਾਲ ਚ 0.97 ਮੀਟਰ ਡਾਊਨ ਹੋਇਆ ਹੈ। ਨਵਾਂ ਸ਼ਹਿਰ ਅਤੇ ਬੰਗਾ ਖੇਤਰ ਚ ਪਿਛਲੇ ਦਹਾਕੇ ਦੌਰਾਨ 22ਮੀਟਰ ਤੋਂ 44 ਮੀਟਰ ਹੋ ਗਿਆ ਹੈ ਜੋ ਪਿਛਲੇ ਸਾਲ 'ਚ 1.18 ਤੋਂ 1.32 ਮੀਟਰ ਡਿਗਿਆ ਹੈ। ਅੰਮ੍ਰਿਤਸਰ ਚ ਪਾਣੀ ਦਾ ਪੱਧਰ 24.35 ਮੀਟਰ, ਤਰਨਤਾਰਨ ਚ 24.80 ਮੀਟਰ ਹੈ, ਇੱਥੇ ਕ੍ਰਮਵਾਰ 1.39 ਮੀਟਰ ਅਤੇ 1.69 ਮੀਟਰ ਇੱਕ ਸਾਲ ਚ ਗਿਰਾਵਟ ਆਈ ਹੈ। ਇਸੇ ਤਰ੍ਹਾਂ ਜਲੰਧਰ ,ਕਪੂਰਥਲਾ, ਪਠਾਨਕੋਟ ਜਿਲ੍ਹਿਆਂ 'ਚ ਇਸ ਵੇਲੇ ਪੱਧਰ ਕ੍ਰਮਵਾਰ 36.35 ਮੀਟਰ , 33.79 ਮੀਟਰ ਅਤੇ 27.85 ਮੀਟਰ ਹੈ, ਜੋ ਔਸਤਨ ਪਿਛਲੇ ਸਾਲ 1 ਮੀਟਰ ਨੀਵਾਂ ਹੋ ਗਿਆ ਹੈ। ਬਠਿੰਡਾ ਜਿਲ੍ਹੇ ਚ 25.80 ਮੀਟਰ, ਮਾਨਸਾ ਚ 21 ਮੀਟਰ, ਪਟਿਆਲਾ ਦੇ ਘਨੌਰ ਬਲਾਕ ਨੂੰ ਛੱਡ ਕੇ ਬਾਕੀ ਬਲਾਕਾਂ 'ਚ 38.76 ਮੀਟਰ, ਸੰਗਰੂਰ ਚ 40.95 ਮੀਟਰ, ਬਰਨਾਲਾ ਚ 36.20 ਮੀਟਰ, ਫਿਰੋਜਪੁਰ ਚ 27.85 ਮੀਟਰ ਪਾਣੀ ਦਾ ਪੱਧਰ ਸਾਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਦਾ ਹੈ। ਇਹਨਾਂ ਜਿਲਿਆਂ ਚ ਵੀ ਪਾਣੀ ਔਸਤਨ 1 ਮੀਟਰ ਨੀਚੇ ਗਿਆ ਹੈ। ਮੁਕਤਸਰ ਤੇ ਫਰੀਦਕੋਟ ਸੇਮ ਦੀ ਮਾਰ ਹੇਠ ਹੋਣ ਕਰਕੇ 5.25 ਮੀਟਰ ਅਤੇ 14.5 ਮੀਟਰ ਪਾਣੀ ਦੇ ਲੈਵਲ ਤੇ ਹਨ।

ਪੰਜਾਬ ਦਾ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦਿੰਦਾ ਹੈ। ਪਰ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਕਾਰਨ ਘਰਾਂ ਵਿੱਚ ਟੂਟੀਆਂ ਖੁੱਲ੍ਹੀਆਂ ਚਲਦੀਆਂ ਹਨ। ਸਰਕਾਰੀ ਟੈਂਕੀ ਤੋਂ ਪਾਣੀ ਆਉਣ ਤੇ ਟੂਟੀ ਚੱਲ ਪੈਂਦੀ ਹੈ ਅਤੇ ਉਦੋਂ ਪਾਣੀ ਨਾਲੀ ਵਿੱਚ ਵਹਿੰਦਾ ਰਹਿੰਦਾ ਹੈ, ਜਦੋਂ ਤੱਕ ਟੈਂਕੀ ਦਾ ਪਾਣੀ ਖਤਮ ਨਹੀਂ ਹੋ ਜਾਂਦਾ। ਇਸ ਤਰ੍ਹਾਂ ਰੋਜ਼ਾਨਾ ਕ੍ਰੋੜਾਂ ਲੀਟਰ ਪਾਣੀ ਵਿਅਰਥ ਨਾਲੀਆਂ ਵਿੱਚ ਰੁੜ ਜਾਂਦਾ ਹੈ। ਨੀਵੇਂ ਘਰਾਂ ਦੇ ਕੁਨੈਕਸਨਾਂ ਤੇ ਟੂਟੀਆਂ ਨਾ ਲੱਗੀਆਂ ਹੋਣ ਕਾਰਨ ਪਾਣੀ ਵਿਅਰਥ ਜਾਂਦਾ ਹੈ, ਜਦਕਿ ਉੱਚੇ ਥਾਂ ਘਰ ਪਾਣੀ ਨੂੰ ਤਰਸਦੇ ਹਨ।ਉਹਨਾਂ ਘਰਾਂ ਤੱਕ ਪਾਣੀ ਚੜਦਾ ਨਹੀਂ। ਬਹੁਤੇ ਲੋਕਾਂ ਨੇ ਪਸ਼ੂਆਂ ਦੇ ਵਾੜੇ, ਖਾਲੀ ਪਲਾਟਾਂ ਅਤੇ ਸਬਜ਼ੀਆਂ ਉਗਾਉਣ ਲਈ ਹੀ ਪਾਣੀ ਦੇ ਕੁਨੈਕਸ਼ਨ ਲਏ ਹੋਏ ਹਨ ਅਤੇ ਜਾਣਕਾਰੀ ਦੀ ਘਾਟ ਕਾਰਨ ਆਪ ਘਰ ਸਬਮਰਸੀਬਲ ਦਾ ਪਾਣੀ ਪੀਂਦੇ ਹਨ। ਟੂਟੀਆਂ ਖੁੱਲੀਆਂ ਚੱਲਣ ਨਾਲ ਵਿਅੱਰਥ ਪਾਣੀ ਛੱਪੜਾਂ ਨੂੰ ਭਰ ਦਿੰਦਾ ਹੈ, ਜੋ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ। ਇਸ ਨਾਲ ਪੀਣ ਵਾਲੇ ਪਾਣੀ ਅਤੇ ਧਨ ਦੀ ਬਰਬਾਦੀ ਹੁੰਦੀ ਹੈ। ਪਾਣੀ ਨਾਲ ਭਰੇ ਛੱਪੜ ਅਤੇ ਨਾਲੀਆਂ 'ਚ ਖੜ੍ਹਾ ਪਾਣੀ ਪੇਂਡੂ ਲੋਕਾਂ ਲਈ ਸਮੱਸਿਆਵਾਂ ਖੜ੍ਹੀਆਂ ਕਰਦਾ ਹੈ। ਲੋਕ ਸਕੂਟਰ, ਮੋਟਰਸਾਈਕਲ ਅਤੇ ਮੋਟਰ ਗੱਡੀਆਂ ਧੋਣ, ਪਸ਼ੂਆਂ ਨੂੰ ਨਹਾਉਣ, ਘਰਾਂ ਦੇ ਫ਼ਰਸ਼ ਧੋਣ ਆਦਿ ਨਾਲ ਵੀ ਬਹੁਤ ਜਿਆਦਾ ਪੀਣਯੋਗ ਪਾਣੀ ਬਰਬਾਦ ਕਰਦੇ ਹਨ।

ਜਿਸ ਤਰ੍ਹਾਂ ਪਾਣੀ ਨੂੰ ਬਰਬਾਦੀ ਹੋ ਰਹੀ ਹੈ, ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਵੀ ਲਤੂਰ (ਮਹਾਂਰਾਸ਼ਟਰ) ਅਤੇ ਕੈਪ ਟਾਊਨ ਦੱਖਣੀ ਅਫਰੀਕਾ ਵਰਗੇ ਹਾਲਾਤਾਂ ਨਾਲ ਜੂਝਣ ਲਈ ਮਜਬੂਰ ਹੋਵੇਗਾ। ਉਕਤ ਪ੍ਰਸਥਿਤੀਆਂ ਨੂੰ ਭਾਂਪਦਿਆਂ "ਕੁੱਖ ਚ ਧੀ ਧਰਤੀ ਚੋਂ ਪਾਣੀ, ਜੇ ਦੋਨੋਂ ਮੁੱਕਗੇ ਤਾਂ ਖਤਮ ਕਹਾਣੀ" ਅਤੇ "ਪਾਣੀ ਥੁੜ੍ਹ ਦੀ ਵਸਤੂ ਹੈ ਇਹਨੇ ਧਰਤੀ ਚੋਂ ਮੁੱਕ ਜਾਣਾ, ਸੰਜਮ ਨਾਲ ਵਰਤ ਲਵੋ ਨਹੀਂ ਤਾਂ ਪਊ ਪਿੱਛੋਂ ਪਛਤਾਉਣਾ" ਉੱਪਰ ਸੰਜੀਦਗੀ ਨਾਲ ਪਹਿਰਾ ਦੇਣ ਦੀ ਲੋੜ ਹੈ। ਨਹੀਂ ਤਾਂ "ਹੁਣ ਪਛਤਾਇਆ ਕੀ ਬਣਦਾ ਜਦੋਂ ਚਿੜੀਆਂ ਚੁਗ ਗਈ ਖੇਤ" ਵਾਲੀ ਹਾਲਤ ਹੋਵੇਗੀ।

ਨਦੀਆਂ, ਨਹਿਰਾਂ ਦੇ ਪਾਣੀ ਨੂੰ ਪੀਣ ਅਤੇ ਖੇਤੀ ਸੈਕਟਰ ਲਈ ਵਰਤਣਾ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਬਰਸਾਤ ਦੇ ਪਾਣੀ ਨੂੰ ਘਰਾਂ ਅੰਦਰ ਅਤੇ ਖੇਤਾਂ ਵਿੱਚ ਸਟੋਰ ਕਰਕੇ ਵਰਤਣ ਦੇ ਪ੍ਰਬੰਧ ਜਰੂਰੀ ਕਰ ਦੇਣੇ ਚਾਹੀਦੇ ਹਨ। ਖੇਤੀ ਸੈਕਟਰ ਵਿੱਚ ਘੱਟ ਪਾਣੀ ਪੀਣ ਵਾਲੀਆਂ ਫਸਲਾਂ ਦਾ ਬਦਲ ਲੱਭਣ ਅਤੇ ਸਿੰਜਾਈ ਦੇ ਨਵੇਂ ਤਰੀਕਿਆਂ ਨੂੰ ਅਪਣਾਉਣ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਚੌਲਾਂ ਦੀ ਖੇਤੀ ਸਿਰਫ ਸਮੁੰਦਰੀ ਖੇਤਰਾਂ ਚ ਬੀਜਣਾ ਜਰੂਰੀ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇੱਕ ਚੌਲ ਪੈਦਾ ਕਰਨ ਲਈ ਔਸਤਨ 3000 ਲੀਟਰ ਪਾਣੀ ਖਪਤ ਹੁੰਦਾ ਹੈ। ਸੋ ਲੋੜ ਹੈ ਲੋਕਾਂ ਨੂੰ ਪਾਣੀ ਦੀ ਬਰਬਾਦੀ ਰੋਕਣ ਅਤੇ ਸੰਜਮ ਨਾਲ ਵਰਤੋਂ ਕਰਨ ਪ੍ਰਤੀ ਜਾਗਰੂਕ ਕਰਨ ਦੀ। ਨਿੱਜੀ ਮੁਫਾਦਾਂ ਤੋਂ ਉੱਪਰ ਉੱਠ ਕੇ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ, ਨੌਜਵਾਨ ਕਲੱਬਾਂ,ਜਥੇਬੰਦੀਆਂ ਆਦਿ ਨੂੰ ਨਾਲ ਲੈਕੇ ਭਵਿੱਖ ਦੇ ਖਤਰੇ ਪ੍ਰਤੀ ਲੋਕਾਂ ਚੇਤੰਨ ਕਰਦਿਆਂ ਅਤੇ ਪੁੰਨ ਦਾ ਕੰਮ ਸਮਝਦਿਆਂ ਮਨੁੱਖਤਾ ਦੇ ਭਲੇ ਲਈ ਸਵੱਛ ਭਾਰਤ ਮਿਸ਼ਨ ਵਾਂਗ ਜਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਇੱਕ ਜ਼ੋਰਦਾਰ ਮੁਹਿੰਮ ਚਲਾਉਣ ਵਿੱਢਣ ਦੀ ਲੋੜ ਹੈ।

# ਆਓ ਸਰਬੱਤ ਦੇ ਭਲੇ ਲਈ 'ਅਰਦਾਸ ਕਰਾਂ' ਲਈ ਬਿਰਤੀ ਲਾਈਏ

ਹੰਬਲ ਮੋਸ਼ਨ ਪਿਕਚਰਜ ਦੀ ਕਾਮੇਡੀ ਤੋਂ ਹਟਕੇ ਸਮਾਜਿਕ ਵਿਸ਼ਿਆ ਦੀ ਫਿਲਮ 'ਅਰਦਾਸ ਕਰਾਂ' ਦੇ ਟਰੇਲਰ ਤੋਂ ਬਾਅਦ ਗੀਤ ਵੀ ਦਰਸ਼ਕਾਂ ਦੀ ਪਸੰਦ ਬਣੇ ਹੋਏ ਹਨ। ਸਤਿਗੁਰੂ ਪਿਆਰੇ, ਤੇਰੇ ਰੰਗ ਨਿਆਰੇ ਅਤੇ ' ਬਚਪਨ ' ਗੀਤ ਤੋਂ ਬਾਅਦ ਹੁਣ ਇਸ ਫਿਲਮ ਦਾ ਇੱਕ ਹੋਰ ਖੂਬਸੂਰਤ ਗੀਤ 'ਜਿੰਦਗੀ' ਰਿਲੀਜ਼ ਹੋਇਆ ਹੈ। ਸ਼ੈਰੀ ਮਾਨ ਦੇ ਗਾਏ ਇਸ ਗੀਤ ਨੂੰ ਰਿੱਕੀ ਖਾਂ ਨੇ ਲਿਖਿਆ ਹੈ। ਜਤਿੰਦਰ ਸ਼ਾਹ ਨੇ ਬਹੁਤ ਹੀ ਕਮਾਲ ਦਾ ਸੰਗੀਤ ਦਿੱਤਾ ਹੈ। ਇਹ ਗੀਤ ਜ਼ਿੰਦਗੀ ਤੋਂ ਥੱਕੇ-ਟੁੱਟੇ ਮਨੁੱਖ ਨੂੰ ਕੁਝ ਪਲ ਰਾਹਤ ਭਰੇ ਸਕੂਨ ਭਰੇ ਜਿਊਣ ਦਾ ਸੰਕੇਤ ਦਿੰਦਾ ਹੈ। ਫਿਲਮ ਦੀ ਕਹਾਣੀ ਦਾ ਹਿੱਸਾ ਬਣੇ ਇਹ ਗੀਤ ਦਰਸ਼ਕਾਂ ਨੂੰ ਪਸੰਦ ਆ ਰਹੇ ਹਨ। ਫਿਲਮ ਬਾਰੇ ਲੇਖਕ ਨਿਰਦੇਸ਼ਕ ਤੇ ਨਿਰਮਾਤਾ ਗਿੱਪੀ ਗਰੇਵਾਲ ਨੇ ਦੱਸਿਆ ਕਿ ਇਹ ਫਿਲਮ ਆਮ ਆਦਮੀ ਦੀ ਕਹਾਣੀ ਹੈ। ਇਸ ਦਾ ਕੁਝ ਹਿੱਸਾ ਪੰਜਾਬ ਅਤੇ ਜਿਆਦਾ ਹਿੱਸਾ ਵਿਦੇਸਾਂ ਵਿੱਚ ਫਿਲਮਾਇਆ ਗਿਆ ਹੈ। ਵਿਦੇਸ਼ ਬੈਠੇ ਪੰਜਾਬੀਆਂ ਦੀ ਵੀ ਬਹੁਤ ਸਮੱਸਿਆਵਾਂ ਹਨ ਜਿੰਨਾਂ ਨੂੰ ਕਾਫ਼ੀ ਸਮੇਂ ਤੋਂ ਪਰਦੇ'ਤੇ ਉਤਾਰਣ ਦਾ ਸੁਪਨਾ ਸੀ ਜੋ ਹੁਣ ਇਸ ਫਿਲਮ ਰਾਹੀਂ ਪੂਰਾ ਕਰ ਰਿਹਾ ਹਾਂ। ਇਹ ਫਿਲਮ ਮਨੋਰੰਜਨ ਦੇ ਨਾਲ ਨਾਲ ਦਰਸ਼ਕਾਂ ਨੂੰ ਇੱਕ ਵੱਡਾ ਮੈਸ਼ੇਜ ਵੀ ਦੇਵੇਗੀ। ਫਿਲਮ 'ਚ ਹਰ ਕਿਰਦਾਰ ਬਹੁਤ ਅਹਿਮੀਅਤ ਰੱਖਦਾ ਹੈ ਵੱਖ ਵੱਖ ਜਾਤਾ-ਧਰਮਾਂ ਦੀ ਕਹਾਣੀ ਨੂੰ ਇੱਕ ਧਾਗੇ 'ਚ ਪ੍ਰੋਅ ਕੇ ਇਸ ਫਿਲਮ ਦਾ ਆਧਾਰ ਬਣਾਇਆ ਗਿਆ ਹੈ। ਸਾਡੀ ਪਹਿਲੀ ਫਿਲਮ ਅਰਦਾਸ ਵਾਂਗ ਇਹ ਫਿਲਮ ਵੀ ਦਰਸ਼ਕਾਂ ਨੂੰ ਇੱਕ ਨਵੇਂ ਮਨੋਰੰਜਨ ਸਮੇਤ ਸਮਾਜਿਕ ਸੁਨੇਹੇ ਦਾ ਫਰਜ ਨਿਭਾਏਗੀ। 19 ਜੁਲਾਈ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਨੂੰ ਗਿੱਪੀ ਗਰੇਵਾਲ ਤੇ ਰਾਣਾ ਰਣਬੀਰ ਨੇ ਲਿਖਿਆ ਹੈ।



ਫਿਲਮ ਦੇ ਸਿਨਮੇਟੋਗਰਾਫ਼ਰ ਬਲਜੀਤ ਸਿੰਘ ਦਿਓ ਹਨ ਜੋ ਪਹਿਲਾਂ ਗਿੱਪੀ ਗਰੇਵਾਲ ਦੀਆਂ ਫਿਲਮਾਂ ਦੇ ਨਿਰਦੇਸ਼ਕ ਵੀ ਰਹੇ ਹਨ। ਇਸ ਵਾਰ ਉਨਾਂ ਨਿਰਦੇਸਨ ਦਾ ਕੰਮ ਗਿੱਪੀ ਗਰੇਵਾਲ ਤੋਂ ਕਰਵਾਇਆ ਹੈ। ਗਿੱਪੀ ਗਰੇਵਾਲ, ਗੁਰਪ੍ਰੀਤ ਘੁੱਗੀ, ਜਪੁਜੀ ਖਹਿਰਾ, ਮੇਹਰ ਵਿੱਜ, ਸਰਦਾਰ ਸੋਹੀ, ਯੋਗਰਾਜ ਸਿੰਘ, ਸਪਨਾ ਪੱਬੀ, ਮਲਕੀਤ ਰੌਣੀ ਰਾਣਾ ਜੰਗ ਬਹਾਦਰ, ਸੀਮਾ ਕੌਸ਼ਿਲ,ਕੁਲਜਿੰਦਰ ਸਿੱਧੂ, ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਸੰਗੀਤ ਸਾਗਾ ਮਿਊਜ਼ਿਕ ਵਲੋਂ ਰਿਲੀਜ਼ ਕੀਤਾ ਜਾ ਰਿਹਾ ਹੈ। ਸਾਗਾ ਮਿਊਜਿਕ ਪੰਜਾਬੀ ਸੰਗੀਤ ਅਤੇ ਫਿਲਮ ਨਿਰਮਾਣ ਖੇਤਰ ਦੀ ਇੱਕ ਨਾਮਵਰ ਕੰਪਨੀ ਹੈ ਜਿਸਦੇ ਕਰਤਾ ਧਰਤਾ ਸਰਦਾਰ ਸੁਮੀਤ ਸਿੰਘ ਨੇ ਇਸ ਫ਼ਿਲਮ ਦਾ ਮਿਊਜਿਕ ਰਿਲੀਜ਼ ਕਰਦਿਆ ਬੇਹੱਦ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ 'ਸਾਗਾ' ਨੇ ਹਮੇਸ਼ਾਂ ਹੀ ਚੰਗੀਆਂ ਤੇ ਮਿਆਰੀ ਫ਼ਿਲਮਾਂ ਦਰਸ਼ਕਾਂ ਦੀ ਝੋਲੀ ਪਾਈਆਂ ਹਨ। 'ਅਰਦਾਸ ਕਰਾਂ' ਵੀ ਇੱਕ ਬੇਹਤਰੀਨ ਫ਼ਿਲਮ ਹੈ ਜਿਸਦਾ ਮਿਊਜਿਕ ਦਰਸ਼ਕਾਂ ਵਲੋਂ ਬਹੁਤ ਪਸੰਦ ਕੀਤਾ ਜਾ ਰਿਹਾ ਹੈ ਤੇ ਫ਼ਿਲਮ ਵੀ ਦਰਸ਼ਕਾਂ ਦੀ ਪਸੰਦ ਬਣੇਗੀ। 19 ਜੁਲਾਈ ਨੂੰ ਵਿਸਵ ਪੱਧਰ ਤੇ ਰਿਲੀਜ ਹੋ ਰਹੀ ਇਹ ਫਿਲਮ ਪੰਜਾਬੀ ਸਿਨਮਾ ਇਤਿਹਾਸ ਦੀ ਇੱਕ ਬੇਹਤਰੀਨ ਫਿਲਮ ਹੋਵੇਗੀ।

### ਗਿੱਪੀ ਗਰੇਵਾਲ ਦਾ ਬੇਟਾ ਛਿੰਦਾ ਗਰੇਵਾਲ ਵੀ 'ਅਰਦਾਸ ਕਰਾਂ' ਦਾ ਬਣਿਆ ਹਿੱਸਾ

19 ਜੁਲਾਈ ਨੂੰ ਰਿਲੀਜ਼ ਹੋ ਰਹੀ ਪੰਜਾਬੀ ਫਿਲਮ 'ਅਰਦਾਸ ਕਰਾਂ' ਜਿੱਥੇ ਆਪਣੇ ਨਿਵੇਕਲੇ ਵਿਸ਼ੇ ਅਤੇ ਰੂਹਾਨੀਅਤ ਭਰੇ ਗੀਤ ਸੰਗੀਤ ਕਰਕੇ ਚਰਚਾ ਵਿੱਚ ਹੈ ਉੱਥੇ ਗਿੱਪੀ ਗਰੇਵਾਲ ਦਾ ਬੇਟਾ ਗੁਰਫਤਿਹ ਸਿੰਘ ਗਰੇਵਾਲ ਉਰਫ਼ ਛਿੰਦਾ ਵੀ ਇਸ ਫਿਲਮ ਰਾਹੀਂ ਬਾਲ ਕਲਾਕਾਰ ਦੇ ਰੂਪ 'ਚ ਪਹਿਲੀ ਵਾਰ ਪਰਦੇ 'ਤੇ ਨਜ਼ਰ ਆਵੇਗਾ। ਫ਼ਿਲਮ ਦੇ ਟਾਇਟਲ ਪੋਸਟਰ ਵਿੱਚ ਵੀ ਉਸਦੀ ਅਰਦਾਸ ਕਰਦੇ ਦੀ ਤਸਵੀਰ 'ਲੋਗੋ' ਵਜੋਂ ਦਰਸ਼ਾਈ ਗਈ ਹੈ ਤੇ ਟਰੇਲਰ ਵਿਚਲੇ ਦ੍ਰਿਸ਼ਾਂ 'ਚ ਉਸਨੇ ਮਲਕੀਤ ਰੌਣੀ ਦੇ ਪੋਤੇ ਦਾ ਕਿਰਦਾਰ ਨਿਭਾਇਆ ਹੈ ਜੋ ਪਰਿਵਾਰ ਵਿੱਚ ਵੱਡਿਆ ਦੇ ਸਤਿਕਾਰ ਦੀ ਗੱਲ ਕਰਦਾ ਆਪਣੇ ਮੋਹ ਦਾ ਪ੍ਰਗਟਾਵਾ ਕਰਦਾ ਹੈ। ਉਸਦੀ ਅਦਾਕਾਰੀ ਤੋਂ ਲੱਗਦਾ ਹੈ ਕਿ ਕਲਾਕਾਰ ਬਾਪ ਦਾ ਇਹ ਕਲਾਕਾਰ ਪੁੱਤ ਆਉਣ ਵਾਲੇ ਕੱਲ੍ਹ ਦਾ ਵੱਡਾ ਕਲਾਕਾਰ ਹੋਵੇਗਾ। ਆਪਣੇ ਬੇਟੇ ਬਾਰੇ ਗਿੱਪੀ ਗਰੇਵਾਲ ਦਾ ਕਹਿਣਾ ਹੈ ਕਿ ਛਿੰਦਾ ਅਦਾਰਕਾਰੀ ਦੇ ਇਲਾਵਾ ਵਧੀਆ ਭੰਗੜਾ ਵੀ ਪਾਉਂਦਾ ਹੈ। ਪੰਜਾਬੀ ਵਿਰਸੇ ਅਤੇ ਰੀਤੀ ਰਿਵਾਜਾਂ ਦਾ ਉਸਨੂੰ ਪੂਰਾ ਗਿਆਨ ਹੈ। ਬਾਹਰ ਆ ਕੇ ਵੀ ਉਹ ਪੰਜਾਬ ਦੇ ਕਲਚਰ ਤੋਂ ਦੂਰ ਨਹੀਂ ਹੋਇਆ ਇਸ ਫਿਲਮ ਰਾਹੀਂ ਜਦ ਦਰਸ਼ਕ ਇਸਨੂੰ ਵੇਖਣਗੇ ਤਾਂ ਉਨ੍ਹਾਂ ਨੂੰ ਜਰੂਰ ਚੰਗਾ ਲੱਗੇਗਾ। ਹੰਬਲ ਮੋਸ਼ਨ ਪਿਕਚਰਜ ਦੇ ਬੈਨਰ ਹੇਠ 19 ਜੁਲਾਈ ਨੂੰ ਰਿਲੀਜ਼ ਹੋ ਰਹੀ ਨਿਰਮਾਤਾ ਗਿੱਪੀ ਗਰੇਵਾਲ ਦੀ ਇਸ ਫਿਲਮ 'ਚ ਗਿੱਪੀ ਗਰੇਵਾਲ, ਗੁਰਪ੍ਰੀਤ ਘੁੱਗੀ, ਜਪੁਜੀ ਖਹਿਰਾ, ਮੇਹਰ ਵਿੱਜ, ਸਰਦਾਰ ਸੋਹੀ, ਯੋਗਰਾਜ ਸਿੰਘ, ਸਪਨਾ ਪੱਬੀ, ਮਲਕੀਤ ਰੌਣੀ ਰਾਣਾ ਜੰਗ ਬਹਾਦਰ, ਸੀਮਾ ਕੌਸ਼ਲ, ਗੁਰਪ੍ਰੀਤ ਕੌਰ ਭੰਗੂ, ਹੌਬੀ ਧਾਲੀਵਾਲ, ਕੁਲਜਿੰਦਰ ਸਿੱਧੂ, ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਨਿਰਦੇਸ਼ਨ ਖੁਦ ਗਿੱਪੀ ਗਰੇਵਾਲ ਨੇ ਕੀਤਾ ਹੈ। ਫ਼ਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਗਿੱਪੀ ਗਰੇਵਾਲ ਦਾ ਲਿਖਿਆ ਹੈ, ਡਾਇਲਾਗ ਰਾਣਾ ਰਣਬੀਰ ਨੇ ਲਿਖੇ ਹਨ। ਫ਼ਿਲਮ ਦੇ ਸਿਨਮੇਟੋਗਰਾਫ਼ਰ ਬਲਜੀਤ ਸਿੰਘ ਦਿਓ ਹਨ। ਫਿਲਮ ਦਾ ਸੰਗੀਤ ਜਤਿੰਦਰ ਸ਼ਾਹ ਵਲੋਂ ਤਿਆਰ ਕੀਤਾ ਗਿਆ ਹੈ ਜਿਸਨੂੰ ਸਾਗਾ ਮਿਊਜਿਕ ਵਲੋਂ ਰਿਲੀਜ਼ ਕੀਤਾ ਗਿਆ ਹੈ।

-ਹਰਜਿੰਦਰ ਸਿੰਘ ਜਵੰਦਾ

# ਗਰੀਬਾਂ, ਅਮੀਰਾਂ 'ਚ ਵੱਧ ਰਿਹਾ ਆਰਥਿਕ ਪਾੜਾ ਚਿੰਤਾਜਨਕ

**ਔਕਸਫੈਮ ਰਿਪੋਰਟ ਅਨੁਸਾਰ ਭਾਰਤ ਆਰਥਿਕ ਨਾ-ਬਰਾਬਰੀ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤ ਵਿੱਚ 2017 ਵਿੱਚ ਜਿੰਨੀ ਜਾਇਦਾਦ ਵਧੀ, ਉਸਦਾ 73 ਫੀਸਦੀ ਹਿੱਸਾ ਦੇਸ਼ ਦੇ ਇੱਕ ਫੀਸਦੀ ਅਮੀਰਾਂ ਦੀ ਝੋਲੀ ਪਿਆ ਅਤੇ ਦੇਸ਼ ਦੇ 130 ਕਰੋੜ ਲੋਕਾਂ ਦੇ ਪੱਲੇ 27 ਫੀਸਦੀ।**



ਗੁਰਮੀਤ ਪਲਾਹੀ
91-98158-02070

ਆਕਸਫੈਮ ਵਲੋਂ ਛਾਪੀ ਆਰਥਿਕ ਨਾ ਬਰਾਬਰੀ ਸਬੰਧੀ 2018 ਦੀ ਰਿਪੋਰਟ ਸਭ ਦਾ ਧਿਆਨ ਖਿੱਚਦੀ ਹੈ। ਇਸ ਰਿਪੋਰਟ ਨੂੰ ਧਿਆਨ ਨਾਲ ਘੋਖਣਾ ਬਣਦਾ ਹੈ। ਇਸ ਸਮੇਂ ਦੇਸ਼ ਅਤੇ ਪੂਰੀ ਦੁਨੀਆ ਵਿੱਚ ਆਰਥਿਕ ਪਾੜਾ ਲਗਾਤਾਰ ਵੱਧ ਰਿਹਾ ਹੈ।

ਭਾਰਤ ਵਿੱਚ 1991 ਤੋਂ ਬਾਅਦ ਉਦਾਰੀਕਰਣ ਨੀਤੀਆਂ ਲਾਗੂ ਹੋਈਆਂ। ਇਸ ਤੋਂ ਬਾਅਦ ਭਾਰਤ ਦੀ ਆਰਥਿਕਤਾ ਵਿੱਚ ਨਾ ਬਰਾਬਰੀ ਦਾ ਰੰਗ ਲਗਾਤਾਰ ਚੜ੍ਹਿਆ ਹੈ। ਉਦਾਰੀਕਰਨ ਨਾਲ ਭਾਰਤ ਦੀਆਂ ਆਰਥਕ ਸੰਭਾਵਨਾਵਾਂ 'ਚ ਬੇਹੱਦ ਵਾਧਾ ਹੋਇਆ, ਦੇਸ਼ ਨੇ ਬੇਹੱਦ ਤਰੱਕੀ ਵੀ ਕੀਤੀ। ਇਸੇ ਬੁਨਿਆਦ ਉਤੇ ਅੱਜ ਦੀ ਸਰਕਾਰ ਇਹ ਦਾਅਵਾ ਵੀ ਕਰ ਰਹੀ ਹੈ ਕਿ ਭਾਰਤ 2024 ਤੱਕ 50 ਅਰਬ ਅਮਰੀਕੀ ਡਾਲਰ ਦੀ ਅਰਥ ਵਿਵਸਥਾ ਬਣ ਜਾਏਗਾ। ਪਰ ਇਸ ਬੇਲਗਾਮ ਹੋਈ ਅਰਥ ਵਿਵਸਥਾ ਨੇ ਦੇਸ਼ ਦੇ ਗਰੀਬਾਂ ਨੂੰ ਹੋਰ ਗਰੀਬ ਅਤੇ ਅਮੀਰਾਂ ਨੂੰ ਹੋਰ ਅਮੀਰ ਕੀਤਾ ਹੈ ਭਾਵੇਂ ਕਿ ਸੰਯੁਕਤ ਰਾਸ਼ਟਰ ਵਲੋਂ ਜਾਰੀ ਗਰੀਬੀ ਸੂਚਾਂਕ ਰਿਪੋਰਟ 2019 ਅਨੁਸਾਰ ਪਿਛਲੇ ਦਸ ਸਾਲਾਂ ਵਿੱਚ ਦੇਸ਼ ਦੇ 27.1 ਕਰੋੜ ਲੋਕ ਗਰੀਬੀ ਰੇਖਾ ਤੋਂ ਬਾਹਰ ਆਏ ਹਨ। ਹਾਲਾਂਕਿ ਹੁਣ ਵੀ ਦੇਸ਼ ਵਿੱਚ ਗਰੀਬੀ ਰੇਖਾ ਤੋਂ ਹੇਠ ਰਹਿਣ ਵਾਲੇ ਲੋਕਾਂ ਦੀ ਗਿਣਤੀ 37 ਕਰੋੜ ਦੱਸੀ ਗਈ ਹੈ। ਰਿਪੋਰਟ ਦੇ ਅਨੁਸਾਰ ਦੁਨੀਆ ਭਰ ਦੇ ਸਰਵੇ ਕੀਤੇ ਗਏ 101 ਦੇਸ਼ਾਂ ਵਿੱਚ 130 ਕਰੋੜ ਗਰੀਬ ਰਹਿੰਦੇ ਹਨ। ਗਰੀਬੀ ਹੇਠ ਰਹਿ ਰਹੇ ਲੋਕਾਂ ਦਾ ਪੈਮਾਨਾ ਨਾਪਣ ਲਈ ਪੋਸ਼ਣ ਦੀ ਕਮੀ, ਬਾਲ ਮੌਤ ਦਰ, ਰਸੋਈ ਗੈਸ ਦੀ ਉਪਲੱਬਧਤਾ, ਸਫਾਈ, ਪੀਣ ਦੇ ਪਾਣੀ ਦੀ ਸੁਵਿਧਾ, ਬਿਜਲੀ ਦਾ ਮਿਲਣਾ, ਘਰਾਂ ਦੀ ਕਮੀ ਅਤੇ ਜਾਇਦਾਦ ਦੀ ਘਾਟ ਨੂੰ ਰੱਖਿਆ ਗਿਆ। ਬੇਸ਼ਕ ਭਾਰਤ ਵਿੱਚ ਪਿਛਲੇ ਇਕ ਦਹਾਕੇ ਵਿੱਚ ਗਰੀਬੀ ਘੱਟ ਹੋਈ ਹੈ, ਲੇਕਿਨ ਆਰਥਿਕ ਅਤੇ ਸਮਾਜਿਕ ਨਾ ਬਰਾਬਰੀ ਦੇ ਕਾਰਨ ਭਾਰਤ ਦੇ ਕਰੋੜਾਂ ਲੋਕ ਖੁਸ਼ਹਾਲੀ ਤੋਂ ਪਿੱਛੇ ਹਨ।

ਸਾਲ 2017 ਵਿੱਚ ਭਾਰਤ ਦੇ ਅਰਬਪਤੀਆ ਦੀ ਕੁੱਲ ਜਾਇਦਾਦ ਦੇਸ਼ ਦੀ ਜੀ ਡੀ ਪੀ ਦੇ 15 ਫੀਸਦੀ ਦੇ ਬਾਰਬਰ ਹੋ ਗਈ। ਜਦਕਿ ਪੰਜ ਸਾਲ ਪਹਿਲਾਂ ਇਹ 10 ਫੀਸਦੀ ਸੀ। ਭਾਵ ਸਰਕਾਰੀ ਨੀਤੀਆਂ ਦੀ ਬਦੌਲਤ ਅਮੀਰਾਂ ਦੇ ਧਨ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ।

ਔਕਸਫੈਮ ਰਿਪੋਰਟ ਅਨੁਸਾਰ ਭਾਰਤ ਆਰਥਿਕ ਨਾ-ਬਰਾਬਰੀ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤ ਵਿੱਚ 2017 ਵਿੱਚ ਜਿੰਨੀ ਜਾਇਦਾਦ ਵਧੀ, ਉਸਦਾ 73 ਫੀਸਦੀ ਹਿੱਸਾ ਦੇਸ਼ ਦੇ ਇੱਕ ਫੀਸਦੀ ਅਮੀਰਾਂ ਦੀ ਝੋਲੀ ਪਿਆ ਅਤੇ ਦੇਸ਼ ਦੇ 130 ਕਰੋੜ ਲੋਕਾਂ ਦੇ ਪੱਲੇ 27 ਫੀਸਦੀ। ਅਸਲ ਵਿੱਚ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥ ਵਿਵਸਥਾ ਵਿੱਚ ਅਮੀਰ-ਗਰੀਬ ਵਿਚਲਾ ਪਾੜਾ ਲਗਾਤਾਰ ਵੱਧ ਰਿਹਾ ਹੈ। ਵੱਡੇ ਧਨੀ ਲੋਕਾਂ ਦੀ ਸੰਖਿਆ ਦੇ ਹਿਸਾਬ ਨਾਲ ਭਾਰਤ ਦਾ ਦੁਨੀਆ ਵਿੱਚ ਛੇਵਾਂ ਸਥਾਨ ਹੈ। ਇਸ ਪਾੜੇ ਨੂੰ ਦੂਰ ਕਰਨ ਲਈ ਸਰਕਾਰ ਵਲੋਂ ਮਿੱਥਕੇ ਕੋਈ ਉਪਰਾਲੇ ਨਾ ਕਰਨ ਕਾਰਨ ਭਾਰਤ ਦਾ ਦੁਨੀਆ ਦੇ ਹੋਰ ਦੇਸ਼ਾਂ ਦੇ ਮੁਕਾਬਲੇ ਪ੍ਰਦਰਸ਼ਨ ਸੰਤੋਖਜਨਕ ਨਹੀਂ ਰਿਹਾ। ਇਸ ਸਾਲ ਦੇ ਬਜ਼ਟ ਵਿੱਚ ਦੋ ਸੌ ਕਰੋੜ ਰੁਪਏ ਸਲਾਨਾ ਕਮਾਉਣ ਵਾਲਿਆਂ ਉਤੇ ਤਿੰਨ ਫੀਸਦੀ ਅਤੇ ਪੰਜ ਕਰੋੜ ਕਮਾਉਣ ਵਾਲਿਆਂ ਉਤੇ ਸੱਤ ਫੀਸਦੀ ਸਰਚਾਰਜ ਲਗਾ ਕੇ ਸਰਕਾਰ ਨੇ ਇਹ ਦਾਅਵਾ ਕੀਤਾ ਹੈ ਕਿ ਇਸ ਨਾਲ ਦੇਸ਼ 'ਚ ਅਰਾਥਕ ਨਾ ਬਰਾਬਰੀ ਘੱਟੇਗੀ , ਪਰ ਆਰਥਿਕ ਨੀਤੀਆਂ ਵਿੱਚ ਬਦਲੀ ਨਾ ਕਰਕੇ ਸਰਕਾਰ ਨੇ ਇਸ ਆਰਥਿਕ ਪਾੜੇ ਦੇ ਵਾਧੇ ਵਾਲੇ ਕਦਮ ਹੀ ਪੁੱਟੇ ਹਨ, ਜਿਹਨਾ ਵਿੱਚ ਏਅਰ ਇੰਡੀਆ ਭਾਰਤੀ ਰੇਲਵੇ ਅਤੇ ਹੋਰ ਸੰਸਥਾਨ ਨੂੰ ਨਿੱਜੀ ਖੇਤਰ ਨੂੰ ਵੇਚਣ ਦਾ ਕਦਮ ਪ੍ਰਮੁੱਖ ਹੈ।

ਦੇਸ਼ ਦੇ ਅਮੀਰਾਂ ਦੀ ਦੌਲਤ ਵਿੱਚ ਅਰਬਾਂ, ਖਰਬਾਂ ਦਾ ਵਾਧਾ ਦੇਸ਼ ਦੀ ਅਰਾਥਿਕਤਾ 'ਚ ਮਜ਼ਬੂਤੀ ਕਿਵੇਂ ਗਿਣਿਆ ਜਾ ਸਕਦਾ ਹੈ, ਜਦੋਂ ਕਿ ਜਿਹੜੇ ਸਖ਼ਤ ਮਿਹਨਤ ਕਰਦੇ ਹਨ, ਲੋਕਾਂ ਦੇ ਖਾਣ ਲਈ ਭੋਜਣ ਦਾ ਪ੍ਰਬੰਧ ਕਰਦੇ ਹਨ, ਬੁਨਿਆਦੀ ਢਾਂਚੇ ਦੀ ਉਸਾਰੀ ਲਈ ਹੱਥੀ ਕਿਰਤ ਕਰਦੇ ਹਨ, ਫੈਕਟਰੀਆਂ 'ਚ ਕੰਮ ਕਰਦੇ ਹਨ, ਉਹਨਾ ਕੋਲ ਨਾ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਲਈ ਸਾਧਨ ਹਨ, ਨਾ ਉਹਨਾ ਦੀ ਪੜ੍ਹਾਈ ਤੇ ਸਿਹਤ ਸਹੂਲਤਾਂ ਦਾ ਕੋਈ ਪ੍ਰਬੰਧ? ਉਹ ਤਾਂ ਦੋ ਡੰਗ ਦੀ ਰੋਟੀ ਤੋਂ ਵੀ ਆਤੁਰ ਹਨ। ਦੇਸ਼ ਵਿੱਚ ਲੋਕਤੰਤਰ ਦੇ ਨਾਮ ਉਤੇ ਭ੍ਰਿਸ਼ਟਾਚਾਰ, ਚੋਰ ਬਜ਼ਾਰੀ ਅਤੇ ਲੁੱਟ-ਖਸੁੱਟ ਦਾ ਜੋ ਵਾਧਾ ਹੋ ਰਿਹਾ ਹੈ, ਉਸ ਨਾਲ ਦੇਸ਼ 'ਚ ਰਾਜਸੀ ਤਾਕਤ ਕੁਝ ਚੁਣੇ ਹੋਏ ਅਮੀਰਾਂ ਦੇ ਹੱਥ ਪੁੱਜ ਰਹੀ ਹੈ, ਜਿਹੜੇ ਸਾਫ-ਸੁਥਰੇ ਅਕਸ ਵਾਲੇ ਲੋਕਾਂ ਨੂੰ ਪਿਛਾਂਹ ਸੁੱਟਕੇ ਆਪਣੇ ਹੱਥ ਠੋਕੇ ਸਿਆਸਤਦਾਨਾਂ ਨੂੰ ਦੇਸ਼ ਦੀ ਸਿਆਸਤ 'ਚ ਅੱਗੇ ਲਿਆਕੇ ਆਪਣੇ ਹੱਥ ਰੰਗਣਾ ਚਾਹੁੰਦੇ ਹਨ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮ ਦੇ ਹਵਾਲੇ ਨਾਲ ਛਪੀ ਇੱਕ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਦੇਸ਼ ਵਿੱਚ 233 ਸਾਂਸਦ ਜੋ ਜਿੱਤਕੇ ਲੋਕ ਸਭਾ ਦੇ ਮੈਂਬਰ ਚੁਣੇ ਗਏ ਹਨ ਉਹਨਾ ਉਤੇ ਫੌਜਦਾਰੀ ਕੇਸ ਦਰਜ ਹਨ, ਜਦਕਿ ਇਹਨਾ ਵਲੋਂ 115 ਸਾਫ ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਸੰਸਦ ਜਾਣੋਂ ਰੋਕ ਦਿੱਤਾ ਹੈ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਦੇਸ਼ ਦੇ 313 ਕਰੋੜਪਤੀ ਸਾਂਸਦ ਇਹੋ ਜਿਹੇ ਹਨ ਜਿਹਨਾ ਨੇ 50 ਫੀਸਦੀ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਹਨ। ਜੇਕਰ ਦੇਸ਼ ਵਿੱਚ ਅਮੀਰਾਂ ਦਾ ਬੋਲਬਾਲਾ ਰਹਿੰਦਾ ਹੈ ਤਾਂ ਇੱਕ ਸਰਵੇ ਅਨਿਸਾਰ ਗਰੀਬਾਂ ਦੀ ਆਮਦਨ 'ਚ ਵਾਧੇ ਦਾ ਜਾਂ ਉਹਨਾ ਨੂੰ ਸਮਾਜਿਕ ਸਿਆਸੀ ਖੇਤਰ 'ਚ ਅੱਗੇ ਵਧਣ ਦਾ ਮੌਕਾ ਨਹੀਂ ਮਿਲਦਾ ਤਾਂ ਘੱਟੋ-ਘੱਟ ਦਿਹਾੜੀ ਕਮਾਉਣ ਵਾਲੇ ਭਾਰਤ ਦੇ ਪੇਂਡੂ ਵਰਕਰ ਨੂੰ ਕਿਸੇ ਵੱਡੀ ਕੱਪੜੇ ਬਨਾਉਣ ਵਾਲੀ ਫੈਕਟਰੀ ਦੇ ਉੱਚ ਅਧਿਕਾਰੀ ਦੇ ਬਰਾਬਰ ਦੀ ਤਨਖਾਹ ਲੈਣ ਲਈ 941 ਸਾਲ ਲੱਗਣਗੇ।

ਦੇਸ਼ ਦਾ ਪੇਂਡੂ ਅਰਥਚਾਰਾ ਡਾਵਾਂਡੋਲ ਹੈ। ਖੇਤੀ ਖੇਤਰ ਪੂਰੀ ਤਰ੍ਹਾਂ ਸੰਕਟ ਵਿੱਚ ਹੈ। ਪੇਂਡੂ ਬੁਨਿਆਦੀ ਢਾਂਚਾ ਕਿਸੇ ਵੀ ਤਰ੍ਹਾਂ ਵੱਧ-ਫੁਲ ਨਹੀਂ ਰਿਹਾ। ਮਗਨਰੇਗਾ ਵਰਗੀ ਸਕੀਮ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ। ਪਿੰਡਾਂ 'ਚ ਸਿੱਖਿਆ ਸਹੂਲਤਾਂ ਦੀ ਕਮੀ ਖਟਕਦੀ ਹੈ, ਸਿਹਤ ਸਹੂਲਤਾਂ ਤਾਂ ਮਿਲ ਹੀ ਨਹੀਂ ਰਹੀਆਂ। ਪੀਣ ਵਾਲੇ ਪਾਣੀ ਦੀ ਕਮੀ ਹੈ। ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ। ਦੇਸ਼ ਦੇ ਕੁਦਰਤੀ ਖਜ਼ਾਨੇ ਸਰਕਾਰੀ ਸ਼ਹਿ ਉਤੇ ਲੁੱਟੇ ਜਾ ਰਹੇ ਹਨ। ਪਿੰਡਾਂ 'ਚ ਉਗਾਈਆਂ ਜਾ ਰਹੀਆਂ ਫਸਲਾਂ ਨੂੰ ਸਹੀ ਮੁੱਲ ਨਹੀਂ ਮਿਲ ਰਿਹਾ। ਸਰਕਾਰਾਂ ਵਲੋਂ ਡਾ: ਸਵਾਮੀਨਾਥਨ ਦੀ ਰਿਪੋਰਟ ਨੂੰ ਮੰਨਣ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ। ਪੇਂਡੂ ਖੇਤਰ ਨੂੰ ਪਿੱਛੇ ਛੱਡਕੇ ਸ਼ਹਿਰੀ ਖੇਤਰ ਵੱਲ ਜ਼ੋਰ ਦਿੱਤਾ ਜਾ ਰਿਹਾ ਹੈ।, ਜਿਸਦੇ ਵਿਕਾਸ ਦੀ ਦਰ ਮੁਕਾਬਲਤਨ ਵੱਧ ਹੈ। ਸ਼ਹਿਰਾਂ ਵਿੱਚ ਤਾਂ ਵੱਡਾ ਬੁਨਿਆਦੀ ਢਾਂਚਾ ਉਸਾਰਿਆ ਜਾ ਰਿਹਾ ਹੈ, ਪੁੱਲ ਬਣ ਰਹੇ ਹਨ, ਸੜਕਾਂ ਬਣ ਰਹੀਆਂ ਹਨ , ਵੱਡੇ ਵੱਡੇ ਮਾਲਜ਼ ਉਸਾਰੇ ਜਾ ਰਹੇ ਹਨ। ਗਗਨ ਚੁੰਬੀ ਇਮਾਰਤਾਂ ਦਾ ਨਿਰਮਾਣ ਹੋ ਰਿਹਾ ਹੈ, ਬੁਲੇਟ ਟਰੇਨ ਚਲਾਉਣ ਦੀ ਗੱਲ ਹੋ ਰਹੀ ਹੈ, ਮੈਟਰੋ ਚਲਾਈ ਜਾ ਰਹੀ ਹੈ, ਪਰ ਆਮ ਲੋਕਾਂ ਖਾਸ ਕਰਕੇ ਪੇਂਡੂਆਂ ਲਈ ਲਿੰਕ ਸੜਕਾਂ ਹੀ ਨਹੀਂ, ਸਕੂਲ , ਬਾਲਵਾੜੀ ਕੇਂਦਰ, ਸਿਹਤ ਕੇਂਦਰ ਤਾਂ ਦੂਰ ਦੀ ਗੱਲ ਹੈ। ਪਿੰਡ ਦੇ ਸਾਰੇ ਘਰਾਂ ਜਾਂ ਸ਼ਹਿਰਾਂ ਦੇ ਪੱਛੜੇ ਇਲਾਕਿਆਂ ਦੇ ਘਰਾਂ 'ਚ ਬਿਜਲੀ ਕੁਨੈਕਸ਼ਨ ਹੀ ਨਹੀਂ ਹਨ। ਗਰੀਬਾਂ ਦੀ ਹਾਲਤ ਤਾਂ ਇਹ ਹੈ ਕਿ ਉਹਨਾ ਦੇ ਬੈਂਕਾਂ 'ਚ ਖਾਤੇ ਹੀ ਕੋਈ ਨਹੀਂ। ਜੇਕਰ ਜਨ-ਧਨ ਯੋਜਨਾ 'ਚ ਸਰਕਾਰ ਨੇ ਖਾਤੇ ਆਮ ਲੋਕਾਂ ਦੇ ਖੁਲਵਾਏ ਗਏ, ਤਾਂ ਉਹਨਾ ਵਿਚੋਂ ਅੱਧੇ ਬੰਦ ਹੋ ਗਏ ਜਾਂ ਬੰਦ ਕਰ ਦਿੱਤੇ ਗਏ। ਆਵਾਜਾਈ ਦੇ ਸਾਧਨਾਂ ਦੀ ਪਿੰਡਾਂ 'ਚ ਲਗਾਤਾਰ ਕਮੀ ਹੈ। ਪ੍ਰਸੂਤਾ ਪੀੜਾ ਹੰਢਾ ਰਹੀਆਂ ਔਰਤਾਂ, ਰਾਤ-ਬਰਾਤੇ ਘਰਾਂ 'ਚ ਬੱਚਾ ਜੰਮਣ ਲਈ ਮਜ਼ਬੂਰ ਹਨ। ਕਹਿਣ ਨੂੰ ਤਾਂ ਲੋਕ ਭਲਾਈ ਹਿੱਤ ਹੁਣ ਦੀ ਸਰਕਾਰ ਨੇ ਸੈਕੜੇ ਯੋਜਨਾਵਾਂ ਬਣਾਈਆਂ ਹਨ, ਪਰ ਉਹਨਾ ਵਿੱਚੋਂ ਬਹੁਤੀਆਂ ਲੋਕਾਂ ਦੇ ਦੁਆਰੇ ਤੱਕ ਪਹੁੰਚ ਨਹੀਂ ਕਰ ਸਕੀਆਂ। ਕਿਸਾਨਾਂ ਦੀ ਪ੍ਰਧਾਨ ਮੰਤਰੀ ਕਿਸਾਨ ਬੀਮਾ ਯੋਜਨਾ ਦਾ ਕੀ ਬਣਿਆ? ਆਯੂਸ਼ਮਾਨ ਭਾਰਤ ਬੀਮਾ ਯੋਜਨਾ ਕਿੰਨੇ ਗਰੀਬਾਂ ਦਾ ਇਲਾਜ ਕਰਵਾ ਸਕੀ? ਸਰਕਾਰ ਦੀਆਂ ਸਕੀਮਾਂ ਪ੍ਰਚਾਰ ਲਈ ਤਾਂ ਬਥੇਰੀਆਂ ਹਨ, ਪਰ "ਗੱਲੀਂ ਅਸੀਂ ਚੰਗੀਆਂ ਅਚਾਰੀ ਬੁਰਾਈਆਂ" ਵਾਲੀ ਗੱਲ ਹੈ। ਸਕੀਮਾਂ ਸਰਾਥਕਤਾ ਨਾਲ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਸਿੱਟਾ ਲੋਕਾਂ ਨੂੰ ਸਹੂਲਤਾਂ ਮਿਲ ਹੀ ਨਹੀਂ ਰਹੀਆਂ ਜਾਂ ਦੂਜੇ ਅਰਥਾਂ 'ਚ ਕਹੀਏ ਪ੍ਰਚਾਰ ਬਥੇਰਾ ਹੈ, ਪਰ ਅਮਲ ਕੁਝ ਵੀ ਨਹੀਂ।

2014 'ਚ ਗਲੋਬਲ ਵੈਲਥ ਡਾਟਾ ਬੁਕ ਤਿਆਰ ਕਤੀ ਗਈ ਹੈ ਜਿਸ ਵਿੱਚ ਦਰਜ਼ ਹੈ ਕਿ ਗਰੀਬ ਵਰਗ ਦੇ ਹੇਠਲੇ 10 ਫੀਸਦੀ ਲੋਕਾਂ ਕੋਲ ਦੇਸ਼ ਦੀ ਰਾਸ਼ਟਰੀ ਸੰਪਤੀ ਦਾ 0.2 ਪ੍ਰਤੀਸ਼ਤ ਹੀ ਹੈ ਜਦਕਿ ਉਪਰਲੇ 10 ਫੀਸਦੀ ਲੋਕਾਂ ਕੋਲ 74 ਫੀਸਦੀ ਸੰਪਤੀ ਹੈ।

ਭਾਰਤ ਦੁਨੀਆ ਦਾ ਦੂਜੇ ਨੰਬਰ ਦੀ ਸਭ ਤੋਂ ਵੱਧ ਅਬਾਦੀ ਵਾਲਾ ਦੇਸ਼ ਹੈ, ਜਿਥੇ ਤੇਂਦੂਲਕਰ ਕਮੇਟੀ ਦੀ ਰਿਪੋਰਟ ਅਨੁਸਾਰ 22 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ। ਗਲਤ ਸਰਕਾਰੀ ਨੀਤੀਆਂ, ਅਫ਼ਸਰਸ਼ਾਹੀ ਅਤੇ ਸਿਆਸਤਦਾਨਾਂ ਦੀ ਸਾਂਝ ਨਾਲ ਕੀਤੀ ਜਾ ਰਹੀ ਲੁੱਟ, ਲੋਕਾਂ ਲਈ ਆਰਥਿਕ ਤੌਰ ਤੇ ਭਾਰੀ ਪੈ ਰਹੀ ਹੈ। ਇੱਕ ਅੰਦਾਜ਼ੇ ਮੁਤਾਬਕ ਭਾਰਤ ਦੀ ਕੁੱਲ ਪਬਲਿਕ ਜਾਇਦਾਦ 1500 ਲੱਖ ਕਰੋੜ ਹੈ ਅਰਥਾਤ ਹਰ ਪੰਜ ਮੈਂਬਰੀ ਭਾਰਤ ਪਰਿਵਾਰ ਦੀ ਜਾਇਦਾਦ 50 ਲੱਖ ਰੁਪਏ ਆਂਕੀ ਗਈ ਹੈ ਪਰ ਵੱਡੀ ਗਿਣਤੀ ਭਾਰਤੀ ਪਰਿਵਾਰ ਇਸ ਤੋਂ ਵਿਰਵੇ ਹਨ। ਆਖ਼ਰ ਇਹੋ ਜਿਹੇ ਹਾਲਾਤ ਵਿੱਚ ਗਰੀਬਾਂ ਦਾ ਕੀ ਬਣੇਗਾ?






# ਪ੍ਰਕਾਸ਼ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ



ਮਹਾਂਪੁਰਖਾਂ ਦੇ ਅਵਤਾਰ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ 'ਤੇ ਪਾਪ ਦੀ ਅਤਿ ਹੋ ਜਾਵੇ, ਤਦ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਸਿੱਖ ਗੁਰੂ ਕਾਲ ਵਿਚ ਦਸ ਗੁਰੂਆਂ ਦੀ ਇਕੋ ਜੋਤ ਦੱਸੀ ਜਾਮੀਂ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿਚ ਦੀਨ ਦਿਆ ਹਿਤ ਬੀਰ-ਰਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਇਸੇ ਰੰਗ ਵਿਚ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਹੋਇਆ। ਆਪ ਜੀ ਦਾ ਆਗਮਨ 8 ਸਾਵਣ, ਵਦੀ ਸੰਮਤ 1713 ਭਾਵ 7 ਜੁਲਾਈ 1656 ਨੂੰ ਸ਼ੀਸ਼ ਮਹੱਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ। ਕੱਤਕ 6, ਸੰਮਤ 1718 ਅਨੁਸਾਰ 7 ਅਕਤੂਬਰ 1661 ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ।

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਸ਼ਹੀਦੀ ਸਮੇਂ ਗੁਰੂ ਹਰਿਰਾਏ ਜੀ ਨੂੰ ਹਦਾਇਤ ਕੀਤੀ ਕਿ ਹਥਿਆਰਬੰਦ ਹੋ ਕੇ ਗੁਰਗੱਦੀ 'ਤੇ ਬਿਰਾਜਮਾਨ ਹੋਏ। ਇਸ ਲਈ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਹਥਿਆਰਬੰਦ ਜਥੇਬੰਦਕ ਬਣਾਇਆ। ਸੰਗਤ ਦੇ ਹੌਸਲੇ ਬੁਲੰਦ ਹੋਏ। ਮੁਗਲ ਹਕੂਮਤ ਆਪਣੀ ਜਬਰੀ ਧਰਮ ਪ੍ਰੀਵਰਤਨ ਦੀ ਨੀਤੀ ਹੇਠ ਜਨਤਾ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦੀ ਸੀ। ਉਥੇ ਸਿੱਖ ਧਰਮ ਦੀ ਵਧਦੀ ਲੋਕਪ੍ਰਿਅਤਾ ਵੇਖ ਕੇ ਲੋਕ ਆਪਣੇ ਆਪ ਸਿੱਖ ਧਰਮ ਵਿਚ ਆਉਣ ਲੱਗੇ।

ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਧਰਮ ਗ੍ਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿਰਾਏ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ। ਗੁਰੂ ਹਰਿਰਾਏ ਸਾਹਿਬ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਜੀ ਨੂੰ ਹਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਹੋਏ ਆਪਣੇ ਧਾਰਮਿਕ ਨਿਸ਼ਚੇ ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਕਈ ਸਵਾਲ ਕੀਤੇ, ਰਾਮਰਾਇ ਜੀ ਨੇ ਹਾਜ਼ਰ ਜੁਆਬੀ ਨਾਲ ਬਾਦਸ਼ਾਹ ਨੂੰ ਬੜਾ ਪ੍ਰਭਾਵਿਤ ਕੀਤਾ। ਮੁਲਾਣਿਆਂ ਦੇ ਕਹਿਣਤੇ ਬਾਦਸ਼ਾਹ ਨੇ ਸਵਾਲ ਕੀਤਾ ਕਿ ਤੁਹਾਡੇ ਗ੍ਰੰਥ ਵਿਚ 'ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਲਿਖ ਕੇ ਇਸਲਾਮ ਦੀ ਹਤਕ ਕੀਤੀ ਹੈ। ਰਾਮ ਰਾਇ ਜੀ ਨੇ ਬਾਦਸ਼ਾਹ ਤੇ ਹੋਰ ਪ੍ਰਭਾਵ ਪਾਉਣ ਲਈ ਕਹਿ ਦਿੱਤਾ ਕਿ ਅਸਲ ਵਿਚ ਮਿੱਟੀ ਬੇਈਮਾਨ ਹੈ, ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿਰਾਏ ਜੀ ਨੂੰ ਪਤਾ ਲੱਗਾ ਕਿ ਗੁਰਬਾਣੀ ਦੀ ਤੁਕ ਬਦਲਣ ਦੀ ਅਵੱਗਿਆ ਹੋਈ ਹੈ ਤਾਂ ਗੁਰੂ ਜੀ ਆਪਣੇ ਨਿਸਚੈ ਵਿਚ ਦ੍ਰਿੜ੍ਹ ਸਨ, ਉਹਨਾਂ ਨੇ ਰਾਮ ਰਾਇ ਜੀ ਨੂੰ ਗੁਰਗੱਦੀ ਤੋਂ ਵਾਂਝਾ ਕਰ ਦਿੱਤਾ। ਗੁਰੂ ਜੀ ਨੇ ਗੁਰਬਾਣੀ ਦੇ ਸਤਿਕਾਰ ਵਿਚ ਇਹ ਫੈਸਲਾ ਲਿਆ।

ਇਸੇ ਦ੍ਰਿੜ੍ਹਤਾ ਵਿਚ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਉਹਨਾਂ ਨੂੰ ਵੀ ਜਦੋਂ ਬਾਬਾ ਰਾਮਰਾਇ ਜੀ ਦੀ ਸ਼ਿਕਾਇਤ ਦੇ ਬਹਾਨੇ ਤਲਬ ਕੀਤਾ ਤਾਂ ਸੱਦਾ ਠੁਕਰਾ ਦਿੱਤਾ। ਸਰਕਾਰੇ-ਦਰਬਾਰੇ ਵਿਚੋਂ ਮਿਰਜ਼ਾ ਜੈ ਸਿੰਘ ਨੇ ਮਿਲਣੀ ਕਰਵਾਉਣ ਦਾ ਜ਼ਿੰਮਾ ਲਿਆ। ਦੀਵਾਨ ਪਰਸਰਾਮ ਨੂੰ 50 ਘੋੜ ਸਵਾਰ ਭੇਜ ਕੇ ਗੁਰੂ ਨੂੰ ਬੜੇ ਸਤਿਕਾਰ ਨਾਲ ਪਾਲਕੀ ਵਿਚ ਬਿਠਾ ਕੇ ਦਿੱਲੀ ਲਿਆਉਣ ਵਾਸਤੇ ਕਿਹਾ। ਗੁਰੂ ਸਾਹਿਬ ਨੇ ਕਿਹਾ ਕਿ ਉਹ ਔਰੰਗਜੇਬ ਦੇ ਮੱਥੇ ਨਹੀਂ ਲੱਗਣਗੇ। ਤਦ ਹੀ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਚਿੱਠੀ ਭੇਜੀ ਤਾਂ ਤੁਰੰਤ ਰਜ਼ਾਮੰਦ ਹੋ ਗਏ।

ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਪੰਜੋਖਰਾ, ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲ ਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਲੋਕ ਤੁਹਾਨੂੰ ਗੁਰੂ ਹਰਿਕ੍ਰਿਸ਼ਨ ਕਹਿੰਦੇ ਹਨ, ਕ੍ਰਿਸ਼ਨ ਨੇ ਤਾਂ ਗੀਤਾ ਰਚੀ ਸੀ। ਤੁਸੀਂ ਮੇਰੇ ਨਾਲ ਸ਼ਾਸਤਰ ਹੱਥ ਕਰ ਲਓ ਅਤੇ ਗੀਤਾ ਦੇ ਅਰਥ ਕਰਕੇ ਵਿਖਾਓ। ਗੁਰੂ ਜੀ ਨੇ ਪੰਡਤ ਨੂੰ ਸਮਝਾਇਆ ਕਿ ਗੁਰੂ ਦੀ ਸਮਰੱਥਾ ਕੇਵਲ ਅਰਥ ਕਰਨਾ ਹੀ ਨਹੀਂ, ਸਗੋਂ ਮਨੁੱਖੀ ਜੀਵਨ ਨੂੰ ਸਾਵੀਂ ਪੱਧਰੀ ਜੀਵਨ ਰਾਹ 'ਤੇ ਤੋਰਨਾ ਹੈ। ਅਗਿਆਨਤਾ ਦਾ ਨਾਸ਼ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ। ਉਸਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ੍ਹ ਹੈ ਤਾਂ ਜੋ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ। ਕਲਾ ਅਕਾਲ ਪੁਰਖ ਦੀ ਹੀ ਵਰਤਦੀ ਹੈ ਤਾਂ ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਓ ਤੁਹਾਨੂੰ ਉੱਤਰ ਮਿਲ ਜਾਵੇਗਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਪੰਡਿਤ ਲੰਗਰਾਂ ਦੀ ਜਲ ਦੀ ਸੇਵਾ ਕਰਦੇ ਛੱਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਤ ਨੇ ਜੋ ਵੀ ਪੁੱਛਿਆ ਛੱਜੂ ਨੇ ਉਸਦਾ ਉੱਤਰ ਦਿੱਤਾ। ਕਿਉਂਕਿ ਉਹ ਲੰਗਰਾਂ ਦੀ ਸੇਵਾ ਕਰਦਾ ਬਾਣੀ ਗੁਣ-ਗੁਣਾਉਂਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ 'ਚ ਜਿੱਥੇ ਗੁਰਦੁਆਰਾ ਬੰਗਲਾ ਸਾਹਿਬ ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜ਼ੇਬ ਨੂੰ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਔਰੰਗਜ਼ੇਬ ਨੇ ਆਪਣੇ ਪੁੱਤਰ ਸ਼ਹਿਜਾਦਾ ਮੁਅਜ਼ਮ ਨੂੰ ਗੁਰੂ ਜੀ ਨਾਲ ਗੱਲ ਕਰਨ ਲਈ ਭੇਜਿਆ। ਗੁਰੂ ਜੀ ਨੇ ਉਸਨੂੰ ਆਤਮਕ ਉਪਦੇਸ਼ ਦਿੱਤਾ। ਰਾਮਰਾਇ ਨੂੰ ਗੁਰਗੱਦੀ ਨਾ ਮਿਲਣ ਬਾਰੇ ਪੁੱਛਿਆ ਤਾਂ ਗੁਰੂ ਜੀ ਨੇ ਸਪਸ਼ਟ ਕੀਤਾ ਕਿ ਗੁਰਗੱਦੀ ਕਿਸੇ ਦੀ ਨਿੱਜੀ ਮਲਕੀਅਤ ਨਹੀਂ। ਰਾਮਰਾਇ ਜੀ ਨੇ ਗੁਰਬਾਣੀ ਦੀ ਤੁਕ ਬਦਲੀ ਤਾਂ ਪਿਤਾ ਗੁਰੂ ਹਰਿਾਏ ਜੀ ਨੇ ਉਸਨੂੰ ਗੁਰਗੱਦੀ ਦੇ ਲਾਇਕ ਨਹੀਂ ਸਮਝਿਆ। ਉਸਦਾ ਗੁਰਗੱਦੀ ਤੇ ਦਾਅਵਾ ਝੂਠਾ ਹੈ। ਜਦੋਂ ਇਹ ਉੱਤਰ ਬਾਦਸ਼ਾਹ ਔਰੰਗਜ਼ੇਬ ਕੋਲ ਪੁੱਜਾ ਤਾਂ ਸਿਆਣਪ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸਨੇ ਰਾਜਾ ਜੈ ਸਿੰਘ ਨੂੰ ਗੁਰੂ ਜੀ ਦੀ ਹੋਰ ਸਿਆਣਪ ਪਰਖਣ ਲਈ ਕਿਹਾ।

ਰਾਜਾ ਜੈ ਸਿੰਘ ਦੀ ਰਾਣੀ ਨੂੰ ਤੌਖਲਾ ਹੋਇਆ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ। ਜੇਕਰ ਗੁਰੂ ਹੈ ਤਾਂ ਮੈਨੂੰ ਹੀ ਢੂੰਡ ਕੇ ਦੱਸ ਦੇਵੇ ਕਿ ਸਵਾਗਤ ਕਰਨ ਵਾਲੀਆਂ ਵਿਚ ਮੈਂ ਕਿੱਥੇ ਹਾਂ। ਗੁਰੂ ਪਾਤਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ ਡੌਲ ਤੋਂ ਗੋਲੀ ਦੇ ਪੇਸ ਵਿਚ ਰਾਣੀ ਨੂੰ ਪਛਾਣ ਲਿਆ। ਗੁਰੂ ਜੀ ਨੇ ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤ ਨੂੰ ਸਰੀਰ ਪੱਖੋਂ ਨਹੀਂ ਪਛਾਣਿਆ ਜਾ ਸਕਦਾ। ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ ਗੁਰੂ ਜੋਤ ਨਾਲ ਉਮਰ ਦਾ ਕੋਈ ਸਬੰਧ ਨਹੀਂ। ਗੁਰਗੱਦੀ ਤੇ ਬੈਠਣ ਸਮੇਂ ਆਪ ਜੀ ਕੀਰਤਪੁਰ ਸਾਹਿਬ ਵਿਖੇ ਧਰਮ ਪ੍ਰਚਾਰ ਕਰਦੇ ਰਹੇ।

ਲੱਗਭੱਗ ਤਿੰਨ ਸਾਲ ਦੀ ਗੁਰੂਤਾ ਵਿਚ ਗੁਰਦੇਵ ਨੇ ਬੜੀ ਸਿਆਣਪ, ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਜ਼ਿੰਮੇਵਾਰੀ ਨਿਭਾਈ। ਜਦ ਭਾਈ ਕਲਿਆਣ ਜੀ ਧਰਮਸ਼ਾਲਾ (ਮੁਹੱਲਾ ਦਿਲਵਾਲੀ ਸਿੰਘਾਂ ਦਿੱਲੀ) ਡੇਰੇ ਲਾਏ ਤਾਂ ਉਥੇ ਲੋਕ ਗਰੀਬ ਸਨ।

ਪੀਣ ਲਈ ਸਾਫ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ। ਬੜਾ ਹੀ ਦੁਖੀ ਜੀਵਨ ਬਿਤਾ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ। ਥਾਂ-ਥਾਂ ਸਾਫ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫਕੀਰ ਵੀ ਗੁਰੂ ਦੇ ਉਪਾਸ਼ਕ ਬਣ ਗਏ। ਗੁਰੂ ਜੀ ਸੱਚੀ ਸੁੱਚੀ ਕ੍ਰਿਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੰਦੇ।

ਜਦ ਦਿੱਲੀ 'ਚ ਭਾਰੀ ਚੇਚਕ ਫੈਲ ਗਈ। ਗੁਰੂ ਜੀ ਨੇ ਘਰ-ਘਰ ਜਾ ਕੇ ਦੁਖੀ ਬਿਮਾਰਾਂ ਦੀ ਦਿਨ ਰਾਤ ਸਹਾਇਤਾ ਕੀਤੀ। ਮਨੁੱਖਤਾ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਗੁਰੂ ਜੀ ਨਾਲ ਆ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿਚ ਆਪਣੀ ਸਿਹਤ ਅਤੇ ਉਮਰ ਦੀ ਪਰਵਾਹ ਨਹੀਂ ਕੀਤੀ।

ਆਖਿਰ ਗੁਰੂ ਜੀ ਵੀ ਮਹਾਂਮਾਰੀ ਬਿਮਾਰੀ ਦਾ ਸ਼ਿਕਾਰ ਹੋ ਗਏ। ਆਪਣਾ ਅੰਤ ਸਮਾਂ ਵੇਖ ਕੇ ਸੰਗਤਾਂ ਨੂੰ ਹੌਸਲੇ ਵਿਚ ਰਹਿਣ ਲਈ ਕਿਹਾ। ਪਾਤਸ਼ਾਹ ਨੇ ਇਸਨੂੰ ਰੱਬੀ ਰਜ਼ਾ ਦੱਸਿਆ, ਭਾਣਾ ਮੰਨਣ ਲਈ ਕਿਹਾ। ਉਹਨਾਂ ਹੁਕਮ ਦਿੱਤਾ ਕਿ ਅਸਲ ਗੁਰੂ 'ਬਾਬਾ ਬਕਾਲਾ' ਜਿਸਦਾ ਭਾਵ ਸੀ ਕਿ ਅਗਲਾ ਗੁਰੂ ਬਕਾਲੇ ਵਿਚ ਹੈ। ਆਪ 3 ਵਿਸਾਖ ਸੰਮਤ 1721 ਮੁਤਾਬਕ 30 ਮਾਰਚ 1664 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦਾ ਸਸਕਾਰ ਮੌਜੂਦਾ ਗੁਰਦੁਆਰਾ ਬਾਲਾ ਸਾਹਿਬ ਦਿੱਲੀ ਵਿਖੇ ਹੋਇਆ।

## ਪਵਿੱਤਰ ਗਊ

ਪੰਜਾਬ ਸਰਕਾਰ ਨੇ ਕੇਂਦਰ ਤੋਂ 'ਪਵਿੱਤਰ ਗਊ' ਦੀ ਪਰਿਭਾਸ਼ਾ ਪੁੱਛੀ ਹੈ ਅਤੇ ਮੈਂ ਸੁਣਿਆ ਇਸ 'ਤੇ ਹਿੰਦੂ ਸੰਗਠਨਾਂ ਤੋ ਵੀ ਰਾਇ ਲਈ ਜਾਵੇਗੀ ਆਵਾਰਾ ਗਊਆਂ ਤੇ ਹੋਰ ਪਸ਼ੂਆਂ ਕਾਰਨ ਹਰ ਰੋਜ਼ ਅਨੇਕਾਂ ਹਾਦਸੇ ਵਾਪਰਦੇ ਹਨ, ਕਿਸਾਨਾਂ ਦੀ ਫ਼ਸਲ ਖ਼ਰਾਬ ਹੋ ਜਾਂਦੀ ਹੈ । ਸਮਝ ਨਹੀਂ ਆ ਰਿਹਾ ਕਿ ਕਿਹੜੀ ਕਿਸਮ ਦੀ ਨਸਲ ਨੂੰ ਪਵਿੱਤਰ ਸਮਝ ਕੇ ਹਾਦਸੇ ਹੋਣ ਦਿੱਤੇ ਜਾਣ ਤੇ ਫਸਲਾਂ ਦੀ ਤਬਾਹੀ ਰੋਕੀ ਨਾ ਜਾਵੇ? ਅਕਸਰ ਨੂੰ ਗਾਂ ਸਾਡੀ ਮਾਤਾ ਹੈ ਇਸਦੀ ਪੂਜਾ ਕੀਤੀ ਜਾਂਦੀ ਹੈ ਅਸੀਂ ਇਸ ਨੂੰ ਕੋਈ ਨੁਕਸਾਨ ਕਿਵੇਂ ਪਹੁੰਚਾ ਸਕਦੇ ਹਾਂ? ਉਹ ਵੱਖਰੀ ਗੱਲ ਹੈ ਸਾਡੀ ਮਾਂ ਸੜਕਾਂ ਤੇ ਰੁਲ਼ ਰਹੀ ਹੈ ਆਪਣਾ ਪੇਟ ਭਰਨ ਦੀ ਖਾਤਿਰ ਕਿਸਾਨ ਦੀ ਫ਼ਸਲ ਖ਼ਰਾਬ ਕਰ ਰਹੀ ਹੈ। ਇਹ ਵਿਚਾਰੀ ਹੈ ਤਾਂ ਮਾਂ ਪਰ ਪੇਟ ਉਹਨੂੰ ਵੀ ਲੱਗਾ ਹੈ ਜਿਹੜਾ ਭਰਨਾਂ ਤਾਂ ਪੈਂਦਾ ਹੈ ਪਰ ਇਸ ਵਿਚਾਰੀ ਨੂੰ ਕੀ ਪਤਾ ਮੇਰਾ ਪੇਟ ਭਰਨ ਨਾਲ ਕਿਸੀ ਦਾ ਨੁਕਸਾਨ ਵੀ ਹੁੰਦਾ ਹੈ। ਅੱਜ ਦੇ ਸਮੇਂ ਵਿੱਚ ਜਿੱਥੇ ਗਊ ਨੂੰ ਪਵਿੱਤਰ ਸਮਝ ਕੇ ਭਾਰਤ ਦੇਸ਼ ਵਿੱਚ ਪੂਜਾ ਕੀਤੀ ਜਾਂਦੀ ਹੈ ਉਸੇ ਦੇਸ਼ ਵਿੱਚ ਸਭ ਤੋਂ ਵੱਧ ਗਾਵਾਂ ਅਵਾਰਾ ਫਿਰਦੀਆਂ ਹਨ। ਦੇਖਦੇ ਹਾਂ ਕਿ ਕੇਂਦਰ ਸਰਕਾਰ ਕੀ ਫੈਸਲਾ ਸੁਣਾਉਂਦੀ ਹੈ। ਹਰ ਵਾਰ ਇਹ ਮੁੱਦਾ ਓੁਠਦਾ ਹੈ ਪਰ ਕਿਸੇ ਨਾ ਕਿਸੇ ਕੋਨੇ ਤੇ ਦਬਿਆ ਰਹਿ ਕੇ ਦਮ ਤੋੜ ਦਿੰਦਾ ਹੈ ਇਸ ਮੁੱਦੇ ਦਾ ਇੱਕ ਸੰਭਵ ਤੇ ਸੁਚੱਜਾ ਫੈਸਲਾ ਹੋਣਾ ਜਰੂਰੀ ਹੈ।

**ਅਮਰਜੀਤ ਕੌਰ 'ਲਾਲਪੁਰ'(ਰੋਪੜ) 91-89680-39646**

## ਫੁੱਲ ਕੰਡੇ

ਤੈਨੂੰ ਚਾਅ ਪ੍ਰਦੇਸਾਂ ਦਾ ਸੋਹਣਿਆ ਕੀ ਮੇਰਾ ਮੁੱਲ ਪਾਇਆ
ਮੇਰੇ ਲਈ ਦਿਨ ਰਾਤ ਬਰਾਬਰ ਕਾਹਦਾ ਵਿਆਹ ਕਰਵਾਇਆ
ਸੱਟ ਵੱਜੇ ਜੀਹਦੇ ਦਿਲ ਤੇ ਉਹ ਨਾ ਦੁੱਖ ਫੋਲਦਾ ਸੰਗੇ
ਫੁੱਲ ਕਿੱਥੋਂ ਲੱਭਾਂਗੀ ਤੂੰ ਤਾਂ ਬੀਜ ਗਿਆ ਮੈਨੂੰ ਕੰਡੇ।

ਕੰਡਿਆਂ ਦਾ ਹੁੰਦਾ ਕਰਦ ਬੁਰਾ ਨਾ ਮਿਟੇ ਮਿਟਾਇਆਂ ਮਿਟਦਾ
ਰੋਲ ਦੇਵੇ ਜਿਹੜਾ ਜਦੋਂ ਜਵਾਨੀ ਕੌਡੀਆਂ ਦੇ ਭਾਅ ਸਿੱਟਦਾ
ਸਿੱਟਣ ਵਾਲਾ ਤੁਰ ਜਾਂਦਾ ਫਿਰ ਰੱਬ ਤੋਂ ਮੌਤ ਹੀ ਮੰਗੇ
ਫੁੱਲ ਕਿੱਥੋਂ ਲੱਭਾਂਗੀ ਤੂੰ ਤਾਂ ਬੀਜ ....

ਮੁੱਖ ਰੱਖਿਆ ਹੀ ਪੈਸਾ, ਪੈਸਾ ਨਾਲ ਨਾ ਤੇਰੇ ਜਾਣਾ
ਰੰਗ ਬਰੰਗੀ ਛੱਡ ਦੁਨੀਆਂ ਕਿਵੇਂ ਵਰਤ ਜਾਂਦਾ ਫਿਰ ਭਾਣਾ
ਦਿਲ ਪੁੱਛਿਆ ਹੀ ਜਾਣ ਜਦੋਂ ਕੋਈ ਖੰਘ ਬਣਾਉਟੀ ਖੰਘੇ
ਫੁੱਲ ਕਿੱਥੋਂ ਲੱਭਾਂਗੀ ਤੂੰ ਤਾਂ ਬੀਜ ....

ਸੋਚਾਂ ਸੋਚ ਨਾ ਬਣਦਾ ਕੁਝ ਵੀ ਜੇ ਕੋਈ ਸਮਝੇ ਸੋਚੇ
ਕਹਿਣ ਵਾਲੇ ਕਹਿੰਦੇ ਰਹਿਣਾ ਕੋਈ ਲੱਖ ਵਾਰ ਭਾਵੇਂ ਟੋਕੇ
ਮੌਤ ਕੋਲੋਂ ਕੀ ਡਰਨ ਤੇ ਕੋਈ ਜਾਨ ਸੂਲੀ ਤੇ ਟੰਗੇ
ਫੁੱਲ ਕਿੱਥੋਂ ਲੱਭਾਂਗੀ ਤੂੰ ਤਾਂ ਬੀਜ ....

ਆਸਾਂ ਦੇ ਜਦ ਮਹਿਲ ਮੁਨਾਰੇ ਢਹਿ ਕੇ ਹੋ ਜਾਣ ਢੇਰੀ
ਪਲਟ ਦੇਵੇ ਬੱਸ ਪਾਸਾ ਰੱਬ ਤਾਂ ਲਾਉਂਦੇ ਵਾਹ ਬਥੇਰੀ
ਸੁਣ 'ਦੇਵ ਘੋਲੀਏ' ਵਾਲਿਆ ਵੇ
ਤੇਰੇ ਬਿਨਾਂ ਟਾਈਮ ਨਾ ਲੰਘੇ
ਫੁੱਲ ਕਿੱਥੋਂ ਲੱਭਾਂਗੀ ਤੂੰ ਤਾਂ
ਬੀਜ ਗਿਆ ਮੈਨੂੰ ਕੰਡੇ।



**- ਦੇਵ ਘੋਲੀਆ ਖੁਰਦ
(ਫਰਿਜ਼ਨੋ)
559-232-7764**

## ਸੁਣ ਪ੍ਰਦੇਸੀ ਮਾਹੀਆ

ਸੁਣ ਪ੍ਰਦੇਸੀ ਮਾਹੀਆ ਵੇ।
ਤੂੰ ਕਾਹਨੂੰ ਦੂਰੀ ਪਾਈ ਆ ਵੇ।
ਦੁਨੀਆਂ ਨਾ ਚੰਗੀ ਲਗਦੀ, ਮੈਂ ਰਹਾਂ ਪਿਆਰ ਨੂੰ ਲਭਦੀ,
ਤੱਕਦੀ ਰੋਜ਼ ਤੈਨੂੰ ਰਾਹੀਆ ਵੇ, ਸੁਣ ਪ੍ਰਦੇਸ਼ੀ ਮਾਹੀਆ ਵੇ।
ਸਾਉਣ ਮਹੀਨੇ ਤੀਆਂ ਦੇ ਦਿਨ ਮੈਨੂੰ ਵੱਢ-ਵੱਢ ਖਾਵਣ ਵੇ,
ਜਿਸ ਦਾ ਮਾਹੀ ਦੂਰ ਵਸੇਂਦਾ ਉਸ ਦੇ ਕਾਹਦੇ ਸਾਵਣ ਵੇ,
ਮੈਂ ਮਿੰਨਤਾਂ ਤੇਰੀਆਂ ਕਰਦੀ, ਮੇਰਾ ਕੋਈ ਇਥੇ ਦਰਦੀ,
ਤੇਰੇ ਹਿਜ਼ਰ ਚ, ਜਾਨ ਗਵਾਈ ਆ ਵੇ, ਸੁਣ ਪ੍ਰਦੇਸ਼ੀ ਮਾਹੀਆ ਵੇ।
ਤੇਰੇ ਵਾਝੋਂ ਸੱਜਣਾਂ ਮੈਨੂੰ ਪੱਤਝੜ ਜਹੀ ਬਹਾਰ ਲਗੇ,
ਦਿਲ ਦੀਆਂ ਆਕੇ ਸੁਣ ਜਾ ਤੈਨੂੰ ਵੀ ਸਾਡੀ ਸਾਰ ਲਗੇ,
ਵਸੱਜਾ ਦਿਲ ਦੇ ਵਿਹੜੇ ਵੇ, ਆ ਜਾਵਣ ਮੁੱਖ ਤੇ ਖੇੜੇ ਵੇ,
ਤੂੰ ਕਾਹਨੂੰ ਯਾਦ ਭੁਲਾਈ ਆ ਵੇ, ਸੁਣ ਪ੍ਰਦੇਸ਼ੀ ਮਾਹੀਆ ਵੇ।



ਹਰਨੇਸ਼, ਤੇਰੀਆਂ ਚਿੱਠੀਆਂ
ਪੜ੍ਹਕੇ ਰੋਜ਼ ਹੀ ਵਕਤ
ਲੰਘਾਉਂਦੀ ਵੇ,
ਕਦੇ ਕਦੇ ਤਾਂ ਬੇ-ਵੱਸ ਹੋ ਕੇ
ਦਿਲ ਨੂੰ ਬੜਾ ਰਵਾਉਂਦੀ ਵੇ,
ਕਿਤੇ ਮੁੜ ਕੇ 'ਚੀਮੇ' ਆ ਜਾ,
ਤੱਤੜੇ ਨੂੰ ਗਲ ਨਾਲ ਲਾ ਜਾ ।
ਨਾ ਮੈਨੂੰ ਰੋਲ. ਸੁਦਾਈਆ ਵੇ,
ਸੁਣ ਪ੍ਰਦੇਸ਼ੀ ਮਾਹੀਆ ਵੇ।

**- ਹਰਨੇਸ਼ ਚੀਮਾ**

## ਗ਼ਜ਼ਲ

ਤਰਾਸ਼ਦੇ ਨੇ ਉਹ ਨਕਸ਼ ਮੇਰੇ
ਨਿਖਾਰਦੇ ਨੇ ਵਜੂਦ ਮੇਰਾ।
ਖ਼ਿਲਾਫ਼ ਮੇਰੇ ਜੋ ਕਰਨ ਚਰਚਾ,
ਉਭਾਰਦੇ ਨੇ ਵਜੂਦ ਮੇਰਾ।
ਅਕਾਸ਼ ਗੰਗਾ ਨੂੰ ਤਨ ਮੇਰੇ ਤੋਂ
ਭਰੂਣ ਦੀ ਕਰ ਰਹੇ ਨੇ ਸਾਜ਼ਿਸ਼
ਖ਼ਲਾਅ ਤੇ ਨ੍ਹੇਰਾ ਜਦੋਂ ਵੀ ਮਿਲਦੇ,
ਵਿਚਾਰਦੇ ਨੇ ਵਜੂਦ ਮੇਰਾ।
ਬੜੇ ਹੀ ਪਾਗਲ ਨੇ, ਲੋਅ ਮੇਰੀ ਨੂੰ,
ਬਲੌਰ ਅੰਦਰ ਨੇ ਕੈਦ ਕਰਦੇ,
ਉਹ ਮੈਨੂੰ ਮੇਟਣ ਦੀ ਦੌੜ ਅੰਦਰ
ਉਸਾਰਦੇ ਨੇ ਵਜੂਦ ਮੇਰਾ।
ਉਹ ਅਕਸ ਮੇਰੇ ਦੇ ਕਰਨ ਟੁਕੜੇ
ਤੇ ਫਿਰ ਉਛਾਲਣ ਹਨੇਰੀਆਂ ਵਿਚ
ਸਗੋਂ ਮੈਂ ਜਿੱਥੇ ਗਿਆ ਨਾ ਓਥੇ,
ਪਸਾਰਦੇ ਨੇ ਵਜੂਦ ਮੇਰਾ।
ਸਮੇਂ ਨੇ ਬਖ਼ਸ਼ੇ ਨੇ ਜ਼ਖ਼ਮ ਏਨੇ,
ਜਿਵੇਂ ਬਹਾਰਾਂ 'ਚ ਫੁੱਲ ਖਿੜਦੇ,
ਕਿਸੇ ਅਜੂਬੇ ਦੇ ਵਾਂਗ ਲੋਕੀਂ,
ਨਿਹਾਰਦੇ ਨੇ ਵਜੂਦ ਮੇਰਾ।

**- ਸੁਰਿੰਦਰ ਸੋਹਲ**

## ਸਾਇਮਨ ਕਮਿਸ਼ਨ ਮਸਟ ਕਮ

ਫਿਰਕੂ ਦੰਗਿਆਂ ਦਾ
ਮਨਾਂ ਅੰਦਰ ਬਿਠਾਇਆ ਡਰ
ਅੰਦਰੋਂ ਨਿਕਲਦਾ ਹੀ ਨਹੀਂ

ਬਹੁਤੇ ਚੇਹਰੇ
ਸਹਿਮੇ-ਸਹਿਮੇ
ਜਿਹੇ ਨਜ਼ਰ ਆਉਂਦੇ ਨੇ

ਤੇ ਬਹੁਤੇ ਤਾਂ
ਆਲੋਪ ਹੀ ਹੋ ਗਏ ਨੇ
ਨਾਅਰੇ
ਜੋ ਹੱਕ ਦੀ ਆਵਾਜ਼ ਬੁਲੰਦ ਕਰਦੇ ਸੀ
ਹੱਕਾਂ ਲਈ ਜੂਝਦੇ
ਨਾਅਰੇ ਲਾਉਂਦੇ
ਜੈਕਾਰਿਆਂ ਤੋਂ ਤ੍ਰਬਕ ਗਏ ਨੇ

ਜੈਕਾਰੇ
ਜੈਕਾਰੇ ਉਹ
ਜਿੰਨ੍ਹਾਂ ਦੀ ਆਡ ਵਿੱਚ
ਕਤਲ ਤੱਕ
ਮਾਫ ਹੋ ਜਾਂਦੇ ਨੇ

ਸੱਤਾ ਦੀ ਸਹਿ ਲੈ
ਬਲਾਤਕਾਰ
ਰਿਵਾਜ ਬਣ ਗਿਆ ਹੈ

ਦਲਿਤ
ਘੱਟ ਗਿਣਤੀ
ਬਿਨ੍ਹਾਂ ਗੁਨਾਹੋਂ
ਗੁਨਾਹਗਾਰ ਹੋ ਗਏ

ਸਮਾਨਤਾ
ਸੰਵਿਧਾਨ ਦੇ ਅਨੁਛੇਦਾਂ ਵਿੱਚ
ਕੈਦ ਹੋ ਕੇ ਰਹਿ ਗਈ ਹੈ

ਹਰ ਰਾਤ
ਪਹਿਲਾਂ ਨਾ਼ਲੋਂ ਸਹਿਮੀ ਜਿਹੀ
ਹਰ ਸਵੇਰ
ਪਹਿਲਾਂ ਨਾ਼ਲੋਂ ਉਦਾਸ ਜਿਹੀ
ਇਹਨਾਂ ਉਦਾਸੀਆਂ ਵਿੱਚ ਹੀ ਤਾਂ
ਸਾਡਾ ਵਾਸ ਹੈ

ਇਸ ਤੋਂ ਪਹਿਲਾਂ
ਕੇ ਕੋਈ ਰਸੂਖ਼ਵਾਨ
ਸਾਨੂੰ
ਜਿਉਂਦਿਆਂ ਦੇਖ
ਸਾਨੂੰ ਮਾਰਨ ਲਈ
ਮਰਨ ਵਰਤ 'ਤੇ
ਬੈਠੇ
'ਸਾਇਮਨ ਕਮ ਬੈਕ'

ਅਸੀਂ ਅਜੇ ਹੋਰ
ਜਿਉਣਾਂ ਚਾਹੁੰਦੇ ਹਾਂ।

**- ਸੰਧੂ ਗਗਨ
+917589431402**

## ਮੈਂ ਚੰਡੀਗੜ੍ਹ ਤੋਂ

ਮੈਂ ਚੰਡੀਗੜ੍ਹ ਤੋਂ
ਪ੍ਰੋਫੈਸਰ ਗੁਰਨੂਰ ਬੋਲ ਰਿਹਾਂ,
ਮਾਸੀ ਸਤਵੰਤ ਨਾਲ ਗੱਲ ਕਰਾਓ।
ਉਏ ਗੁੱਡੂ,
ਕਿਥੇ ਮਰ ਗਿਆਂ ਵੱਢਣ ਜੋਗਿਆ,
ਨਾ ਫ਼ੋਨ ਕਰਦੈਂ,
ਨਾ ਫ਼ੋਨ ਚੁਕਦੈਂ।

ਤੇਰੀ ਵਿੱਦਿਆ ਨੂੰ
ਫੋੜੇ ਤੇ ਰਗੜ ਕੇ ਲਾਉਣਾ,
ਜੇ ਤੈਨੂੰ
ਰਿਸ਼ਤਿਆਂ ਦੀ ਕਦਰ ਨਹੀਂ।

ਮਾਸੀ ਨੇ
ਇੱਕੋ ਬੋਲ ਨਾਲ ਪ੍ਰੋਫੇਸਰੀ ਦਾ
ਮਿੱਟੀ ਘੱਟਾ ਝਾੜ ਦਿੱਤਾ।

ਹੁਣ ਮਨ ਬਹੁਤ ਸ਼ਾਂਤ ਹੈ
ਤੇ ਲੱਗਦੈ,
ਰਾਤ ਨੂੰ ਨੀਂਦ ਵੀ ਚੰਗੀ ਆਵੇਗੀ।
ਪ੍ਰੋਫੈਸਰ ਸਾਹਿਬ,
ਗੁਰੂ ਜੀ, ਗੁਰੂ ਜੀ ਸੁਣਦਿਆਂ,
ਕੰਨ ਪੱਕ ਗਏ ਸਨ।

ਮਾਸੀ ਨੇ ਪਹਿਲੀ ਵਾਰ,
ਬਚਪਨ ਦਾ ਨਾਂ ਲੈਕੇ
ਸਾਹਾਂ ਵਿਚ
ਮਿਸ਼ਰੀ ਘੋਲ ਦਿੱਤੀ ਹੈ।

ਅੱਜ ਸਮਝ ਆਇਆ ਕਿ
ਬੁਲੰਦੀਆਂ ਦੇ ਚੱਕਰ ਵਿੱਚ,
ਮੈਂ ਖੁਦ ਤੋਂ
ਕਿੰਨਾ ਦੂਰ ਚਲਿਆ ਗਿਆ ਸਾਂ।

ਜਿਉਂਦੀ ਵੱਸਦੀ ਰਹਿ ਮਾਸੀ,
ਮੈਂ ਛੇਤੀ ਮਿਲਣ ਆਵਾਂਗਾ।

**- ਜਗਤਾਰ ਦੀਪ
91 98554 44785**

# ਲੋਕਤੰਤਰੀ ਰਾਜ ਵਿੱਚ ਵੀ ਕਿਉਂ ਨਫ਼ਰਤ ਦਾ ਜ਼ੋਰ

## ਅੰਗ-ਸੰਗ



ਸ਼ਾਮ ਸਿੰਘ
98141-13338

ਲੋਕਤੰਤਰ ਲੋਕਾਂ ਦਾ ਲੋਕਾਂ ਦੁਆਰਾ, ਲੋਕਾਂ ਲਈ ਰਾਜ ਹੈ, ਜਿਸ ਵਿੱਚ ਸਭ ਦੀ ਸ਼ਮੂਲੀਅਤ ਹੁੰਦੀ ਹੈ ਅਤੇ ਸਭ ਦਾ ਯੋਗਦਾਨ। ਯਾਨੀ ਸਾਰਿਆਂ ਦੀ ਮਰਜ਼ੀ ਦਾ ਰਾਜ ਹਰ ਇੱਕ ਦੀ ਸਹੂਲਤ ਵਾਸਤੇ। ਆਜ਼ਾਦ ਫਿਜ਼ਾ ਅੰਦਰ ਜਿੱਧਰ ਮਰਜ਼ੀ ਤੁਰਿਆ ਫਿਰੇ। ਨਾਲ ਹੀ ਬੋਲਣ ਅਤੇ ਲਿਖਣ ਦੀ ਆਜ਼ਾਦੀ। ਇਹ ਕੁਝ ਲਿਖਤੀ ਇਬਾਰਤ ਵਿੱਚ ਗਵਾਹੀ ਹੈ, ਜੋ ਕਿਸੇ ਤਰ੍ਹਾਂ ਵੀ ਮਿਟਾਈ ਨਹੀਂ ਜਾ ਸਕਦੀ। ਯਾਨੀ ਸੰਵਿਧਾਨ ਦੀ ਗਰੰਟੀ ਇੱਕ ਤਰ੍ਹਾਂ ਨਾਲ ਲੰਡਨ ਦਾ ਹਾਈਡ ਪਾਰਕ ਜਿੱਥੇ ਖੜ੍ਹ ਕੇ ਦਿਲ ਦਾ ਗੁਬਾਰ ਕੱਢਣ ਲਈ ਆਜ਼ਾਦੀ ਨਾਲ ਬੋਲਿਆ ਜਾ ਸਕਦੈ। ਅਜਿਹੀ ਆਜ਼ਾਦੀ ਜ਼ਰੂਰੀ ਵੀ ਹੈ ਅਤੇ ਮਨੁੱਖ ਲਈ ਲਾਹੇਵੰਦੀ ਵੀ।

ਜਦ ਜੰਗਲੀ ਅਵਸਥਾ 'ਚੋਂ ਸਿੱਖ-ਸਿਖਾ ਕੇ ਮਨੁੱਖ ਸਭਿਅਕ ਸਮਾਜ ਵੱਲ ਤੁਰਿਆ ਤਾਂ ਭਾਈਚਾਰੇ ਦੀ ਵਿਵਸਥਾ ਕਾਇਮ ਕਰ ਲਈ ਗਈ, ਜਿਸ ਦਾ ਵੱਡਾ ਮਨੋਰਥ ਮੋਹ-ਮੁਹੱਬਤ ਸੀ ਅਤੇ ਨਿੱਘਾ ਮੇਲ-ਜੋਲ। ਇਹ ਹੋਇਆ ਵੀ ਲੋਕ ਪ੍ਰੇਮ ਦੀਆਂ ਨਿੱਘੀਆਂ ਗਲੀਆਂ ਵਿੱਚ ਖੁਸ਼ੀਆਂ ਹਾਸਲ ਕਰਦੇ ਰਹੇ ਅਤੇ ਖੁਸ਼ਹਾਲੀ ਵੀ। ਇਹ ਜੋੜਾ ਵੀ ਕਮਾਲ ਹੈ ਕਿ ਖੁਸ਼ੀ ਬਿਨਾਂ ਖੁਸ਼ਹਾਲੀ ਨਹੀਂ ਅਤੇ ਖੁਸ਼ਹਾਲੀ ਬਿਨਾਂ ਖੁਸ਼ੀ ਨਹੀਂ। ਜੇਕਰ ਦੋਵੇਂ ਸਮਾਜ ਨੂੰ ਪ੍ਰਾਪਤ ਹੋਣ ਤਾਂ ਸਮੁੱਚੇ ਦਾ ਸਮੁੱਚਾ ਸਮਾਜ ਸਿਹਤਮੰਦ ਰਹੇਗਾ ਅਤੇ ਠੀਕ ਦਿਸ਼ਾ ਵੱਲ ਵਿਕਾਸ ਦੇ ਰਸਤੇ ਉਤੇ ਵੀ ਪੈ ਜਾਵੇਗਾ।

ਭਾਰਤ ਲੋਕਤੰਤਰੀ ਦੇਸ਼ ਹੈ, ਜਿੱਥੇ ਹੱਥ-ਘੁਟਣੀਆਂ ਅਤੇ ਗਲਵੱਕੜੀਆਂ ਦਾ ਘਾਟਾ ਨਹੀਂ ਹੋਣਾ ਚਾਹੀਦਾ, ਪਰ ਇੱਥੇ ਬਜਾਏ ਪ੍ਰੇਮ ਵਧਣ ਦੇ ਮੋਹ-ਮੁਹੱਬਤਾਂ ਘਟਣ ਲੱਗ ਪਈਆਂ। ਆਪਸੀ ਰਿਸ਼ਤਿਆਂ ਵਿੱਚ ਤ੍ਰੇੜਾਂ ਪੈ ਗਈਆਂ ਅਤੇ ਟੁੱਟ-ਭੱਜ ਸ਼ੁਰੂ ਹੋ ਗਈ। ਸਮਾਜ ਵਿੱਚ ਕਈ ਤਰ੍ਹਾਂ ਦੀਆਂ ਪੈਦਾ ਹੋਈਆਂ ਵੰਡੀਆਂ ਕਾਰਨ ਬਣੇ ਫਿਰਕਿਆਂ ਵਿੱਚ ਪਤਾ ਨਹੀਂ ਨਫ਼ਰਤ ਕਿੱਥੋਂ ਆ ਕੇ ਦਾਖ਼ਲ ਹੋ ਗਈ। ਮਨੁੱਖਾਂ ਮਨੁੱਖਾਂ ਵਿਚਕਾਰ ਨਫ਼ਰਤ ਏਨੀ ਵਧ ਗਈ ਕਿ ਇੱਕ ਫ਼ਿਰਕਾ ਦੂਜੇ ਦੀ ਕਿਸੇ ਵੀ ਹਰਕਤ ਨੂੰ ਝੱਲਣ ਲਈ ਤਿਆਰ ਨਹੀਂ। ਕਿਤੇ ਵਿਆਹ ਕਰਵਾਉਣ ਵਾਸਤੇ ਘੋੜੀ 'ਤੇ ਸਵਾਰ ਲਾੜੇ ਨੂੰ ਉਤਾਰ ਕੇ ਉਸ ਦੀ ਮਾਰਕੁੱਟ ਕਰਨੀ ਕਿਸੇ ਤਰ੍ਹਾਂ ਵੀ ਮਾਫ਼ੀਯੋਗ ਨਹੀਂ।

ਜਾਤਾਂ ਅਤੇ ਧਰਮਾਂ ਦੇ ਆਧਾਰ 'ਤੇ ਬਣੇ ਹੋਏ ਫਿਰਕਿਆਂ ਵਿਚਕਾਰ ਪ੍ਰੇਮ ਦੀ ਥਾਂ ਨਫ਼ਰਤ ਦੇ ਜ਼ੋਰ ਨੇ ਲੈ ਲਈ, ਜਿਸ ਕਾਰਨ ਮਾਨਵੀ ਭਾਈਚਾਰੇ ਦਾ ਤਾਣਾ-ਬਾਣਾ ਉਲਝ ਵੀ ਗਿਆ ਅਤੇ ਤਹਿਸ-ਨਹਿਸ ਵੀ ਹੋ ਕੇ ਰਹਿ ਗਿਆ। ਇਸ ਵਰਤਾਰੇ ਲਈ ਦੋਸ਼ੀ ਰਹਿਬਰ ਹਨ, ਪਰ ਉਹ ਸਾਰੇ ਲੋਕ ਵੀ ਹਨ, ਜੋ ਅੱਖਾਂ ਬੰਦ ਕਰ ਕੇ ਰਹਿਬਰਾਂ ਦੇ ਪਿਛਲੱਗ ਬਣ ਕੇ ਤੁਰ ਪਏ। ਪੜ੍ਹਨ-ਲਿਖਣ ਨਾਲ ਹੁਣ ਸਮਾਜ ਵਿੱਚ ਰੋਸ਼ਨੀ ਹੋਣ ਲੱਗ ਪਈ ਹੈ ਜਿਸ ਕਾਰਨ ਲੋਕ ਜਾਗ ਕੇ ਜਗਣ ਅਤੇ ਆਪਣੀ ਮਰਜ਼ੀ ਦਾ ਨਵਾਂ ਰਾਹ ਅਖਤਿਆਰ ਕਰਨ।

ਲੋਕਤੰਤਰੀ ਤਰਜ਼ ਵਾਲੀਆਂ ਹਕੂਮਤਾਂ ਦਾ ਫ਼ਰਜ਼ ਹੈ ਕਿ ਉਹ ਭਾਈਚਾਰਿਆਂ ਦੀ ਸਾਂਝ ਕਾਇਮ ਰੱਖਣ ਅਤੇ ਵਧਾਉਣ ਲਈ ਕਦਮ ਉਠਾਉਂਦੀਆਂ ਰਹਿਣ ਤਾਂ ਕਿ ਉਨ੍ਹਾਂ ਵਿੱਚ ਨੇੜਤਾ ਅਤੇ ਪ੍ਰੇਮ ਬਣਿਆ ਰਹੇ। ਜਿੱਥੇ ਕਿਤੇ ਨਫ਼ਰਤ ਹੁੰਦੀ ਦਿਸੇ, ਉਥੇ ਤੁਰਤ ਸੂਝ-ਬੂਝ ਦੇ ਦੀਵਾਨ ਲਗਾਉਣ ਦਾ ਪ੍ਰਬੰਧ ਕਰੇ ਅਤੇ ਮਿਲਵਰਤਨ ਦੀ ਚਾਸ਼ਨੀ ਦਾ ਪ੍ਰਸ਼ਾਦ ਵੰਡੇ ਤਾਂ ਜੋ ਜਨਤਾ ਦਾ ਜੀਵਨ ਖੁਸ਼ ਹੋ ਕੇ ਸਫ਼ਲਾ ਹੋਵੇ।

ਨਫ਼ਰਤ ਦੇ ਬੀਜ ਬੀਜਣ ਵਾਲਿਆਂ ਨੂੰ ਕੇਵਲ ਨਿਰਉਤਸ਼ਾਹ ਹੀ ਨਾ ਕੀਤਾ ਜਾਵੇ ਸਗੋਂ ਉਨ੍ਹਾਂ ਦਾ ਖੁਰਾ-ਖੋਜ ਹੀ ਮਿਟਾਉਣ ਦਾ ਕਾਰਜ ਕੀਤਾ ਜਾਵੇ ਤਾਂ ਕਿ ਨਫ਼ਰਤ ਦੇ ਜ਼ੋਰ ਨੂੰ ਸਖ਼ਤੀ ਨਾਲ ਦਬਾ ਦਿੱਤਾ ਜਾਵੇ।

ਕੁਝ ਦੇਰ ਤੋਂ ਸਮਾਜ ਵਿੱਚ ਬੇਚੈਨੀ ਹੈ, ਜਿਸ ਨੇ ਸੁੱਤੀਆਂ ਕਲਾਂ ਮੁੜ ਜਗਾ ਦਿੱਤੀਆਂ। ਜਿਹੜੀਆਂ ਬੁਰਾਈਆਂ ਹਾਸ਼ੀਏ ਤੋਂ ਬਾਹਰ ਹੋ ਗਈਆਂ ਸਨ, ਉਹ ਮੁੜ ਸਮਾਜ ਦੇ ਸਿਰ 'ਤੇ ਸਵਾਰ ਹੋ ਗਈਆਂ, ਜਿਸ ਕਰਕੇ ਮਨੁੱਖਾਂ ਵਿਚਕਾਰ ਡੂੰਘੀਆਂ ਖੱਡਾਂ ਪੁੱਟੀਆਂ ਗਈਆਂ। ਅਜਿਹਾ ਹੋਣ ਨਾਲ ਲੋਕ ਇੱਕ-ਦੂਜੇ ਤੋਂ ਦੂਰ ਹੋਣ ਲੱਗ ਪਏ। ਕੁਝ ਇੱਕ ਤਾਂ ਹੈਂਕੜ ਨਾਲ ਆਫ਼ਰੇ ਕਮਜ਼ੋਰ ਵਰਗਾਂ ਨੂੰ ਡਰਾਉਣ ਅਤੇ ਦਬਾਉਣ ਲੱਗ ਪਏ। ਕਮਜ਼ੋਰ ਵਰਗ ਸਹਿਮ ਕੇ ਕੁਝ ਵੀ ਕਰਨ ਜੋਗੇ ਨਾ ਰਹੇ।

ਭਾਰਤ ਦੀ ਕੇਂਦਰ ਸਰਕਾਰ ਅਤੇ ਦੇਸ਼ ਭਰ ਦੀਆਂ ਰਾਜ ਸਰਕਾਰਾਂ ਨੂੰ ਵਕਤ ਗੁਆਏ ਬਗੈਰ ਨਫ਼ਰਤ ਉੱਤੇ ਠੱਲ੍ਹ ਪਾਉਣ ਲਈ ਸਰਗਰਮੀ ਨਾਲ ਹਰਕਤ ਵਿੱਚ ਆਉਣਾ ਚਾਹੀਦਾ ਹੈ ਤਾਂ ਕਿ ਵੰਡ ਹੁੰਦੇ ਜਾ ਰਹੇ ਸਮਾਜ ਨੂੰ ਟੁੱਟਣ ਦੀ ਥਾਂ ਜੋੜਿਆ ਜਾ ਸਕੇ। ਇਹ ਕੰਮ ਵਿਦਿਅਕ ਅਦਾਰਿਆਂ ਵਿੱਚ ਅਧਿਆਪਕ, ਧਾਰਮਿਕ ਪ੍ਰਚਾਰਕ ਅਤੇ ਸਿਆਸਤਦਾਨ ਤਰਜੀਹੀ ਆਧਾਰ 'ਤੇ ਕਰਨ, ਤਾਂ ਕਿ ਵੇਲਾ ਬੀਤਣ ਤੋਂ ਬਾਅਦ ਮੁਲਕ ਪਛਤਾਉਣ ਜੋਗਾ ਨਾ ਰਹਿ ਜਾਵੇ। ਆਜ਼ਾਦੀ ਦੇ ਏਨੇ ਵਰ੍ਹਿਆਂ ਬਾਅਦ ਵੀ ਜੇ ਮੌਕੇ ਨੂੰ ਸੰਭਾਲਿਆ ਨਾ ਗਿਆ ਤਾਂ ਮਾੜੀ-ਮੋਟੀ ਵਿਰੋਧੀ ਆਵਾਜ਼ ਨੂੰ ਵੀ ਦੇਸ਼ ਧਰੋਹੀ ਗਰਦਾਨਣ ਨਾਲ ਨਹੀਂ ਸਰਨਾ।

ਲੋਕਤੰਤਰ ਵਿੱਚ ਤਾਂ ਹਕੂਮਤ ਸਾਰੇ ਨਾਗਰਿਕਾਂ ਦੀ ਖੁਸ਼ੀ ਅਤੇ ਖੁਸ਼ਹਾਲੀ ਦਾ ਫਿਕਰ ਹੀ ਨਹੀਂ, ਸਗੋਂ ਪ੍ਰਬੰਧ ਕਰੇ। ਜਿਹੜੀਆਂ ਹੁਣ ਤੱਕ ਪੈਦਾ ਹੋ ਚੁੱਕੀਆਂ ਹਨ, ਉਹ ਸਹੂਲਤਾਂ ਦੇਵੇ। ਅਜਿਹਾ ਪ੍ਰਬੰਧ ਕਰੇ, ਅਜਿਹਾ ਪ੍ਰਸ਼ਾਸਨ ਅਤੇ ਸ਼ਾਸਨ ਦੇਵੇ ਕਿ ਲੋਕ ਸੰਤੁਸ਼ਟ ਹੋ ਕੇ ਆਰਾਮ ਅਤੇ ਸ਼ਾਂਤੀ ਨਾਲ ਰਹਿ ਸਕਣ। ਉਨ੍ਹਾਂ ਨੂੰ ਪਹਾੜਾਂ ਦੀਆਂ ਕੁੰਦਰਾਂ ਅਤੇ ਦਰਿਆਵਾਂ ਦੇ ਕਿਨਾਰਿਆਂ ਉੱਤੇ ਸ਼ਾਂਤੀ ਦੀ ਭਾਲ ਕਰਨ ਵਾਸਤੇ ਨਾ ਜਾਣਾ ਪਵੇ। ਸਹੂਲਤਾਂ ਦਿੰਦਿਆਂ ਸਰਕਾਰ ਫਰਜ਼ ਦੀ ਪੂਰਤੀ ਹੀ ਕਰੇ, ਲਾਭ ਲੈਣ ਦੀ ਦੁਕਾਨਦਾਰੀ ਬਿਰਤੀ ਤਿਆਗ ਦੇਵੇ।

ਹਕੂਮਤਾਂ ਯਤਨ ਕਰਨ ਕਿ ਸਮਾਜ ਵਿੱਚੋਂ ਜਿੰਨੇ ਕੁ ਪਾੜੇ ਖ਼ਤਮ ਹੋ ਸਕਣ, ਖ਼ਤਮ ਕਰੇ। ਹਰ ਪੰਜ ਸਾਲਾਂ ਬਾਅਦ ਜਿਹੜੀ ਵੀ ਸਰਕਾਰ ਆਵੇ, ਏਹੀ ਕੰਮ ਕਰਦੀ ਰਵੇ ਤਾਂ ਪਾੜੇ ਵਧਣ ਦੀ ਜਗ੍ਹਾ ਖ਼ਤਮ ਹੁੰਦੇ ਰਹਿਣਗੇ ਅਤੇ ਲੋਕ ਇੱਕ-ਦੂਜੇ ਦੇ ਨੇੜੇ ਆ ਕੇ ਇੱਕ-ਦੂਜੇ ਦੇ ਕੰਮ ਆਉਣਗੇ ਜਿਨ੍ਹਾਂ ਦੇ ਮਿਲਵੇਂ ਯਤਨਾਂ ਨਾਲ ਸਮਾਜ ਤਰੱਕੀ ਕਰੇਗਾ।

ਨਫ਼ਰਤਾਂ ਨੂੰ ਥਾਂ ਹੀ ਨਹੀਂ ਮਿਲੇਗੀ। ਮੁਲਕ ਅਤੇ ਸਮਾਜ ਨਫ਼ਰਤ-ਮੁਕਤ ਹੋ ਜਾਣਗੇ। ਜਿਹੜੀਆਂ ਸਿਆਸੀ ਪਾਰਟੀਆਂ ਇੱਕ-ਦੂਜੀ ਤੋਂ ਮੁਕਤ ਹੋਣ ਦੇ ਸੁਫ਼ਨੇ ਲੈ ਰਹੀਆਂ ਹਨ, ਉਹ ਮੁਲਕ ਦੀ ਜਨਤਾ ਨੂੰ ਨਫ਼ਰਤ-ਮੁਕਤ ਕਰ ਦੇਣ ਤਾਂ ਵੱਡਾ ਕੰਮ ਹੋਵੇਗਾ।

ਨਫ਼ਰਤ-ਮੁਕਤ ਹੋਣਾ ਸਮੇਂ ਦੀ ਲੋੜ ਹੈ, ਕਿਉਂਕਿ ਜਿਹੜੀਆਂ ਬੁਸੀਆਂ ਗੱਲਾਂ ਵਿੱਚ ਅਸੀਂ ਵਕਤ ਗੁਆ ਰਹੇ ਹਾਂ, ਉਹ ਬਹੁਤ ਪਿੱਛੇ ਰਹਿ ਗਈਆਂ। ਮੁਲਕ ਦੇ ਲੋਕੋ ਜਾਗੋ ਅਤੇ ਸੰਭਲੋ ਆਪਣੀ ਧਰਤੀ ਮਾਂ ਨੂੰ ਪ੍ਰੇਮ ਕਰੋ, ਆਪਣੀ ਮਾਂ-ਬੋਲੀ ਨੂੰ ਕਿਸੇ ਕੀਮਤ 'ਤੇ ਨਾ ਛੱਡੋ ਅਤੇ ਆਪਣੀ ਹਰ ਮਾਂ ਦੀਆਂ ਲੋਰੀਆਂ ਨੂੰ ਯਾਦ ਰੱਖੋ ਤਾਂ ਕਿ ਮੋਹ-ਮੁਹੱਬਤ ਦੇ ਗੀਤ ਗਾਉਂਦਿਆਂ ਅਸੀਂ ਨਫ਼ਰਤ ਮੁਕਾਈਏ ਅਤੇ ਭਾਈਚਾਰੇ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਦੀ ਭਰਵੀਂ ਕੋਸ਼ਿਸ਼ ਕਰੀਏ।

ਕਲਮਕਾਰਾਂ ਕੋਲ ਬੜੀ ਵੱਡੀ ਤਾਕਤ ਹੁੰਦੀ ਹੈ, ਜਿਸ ਨਾਲ ਉਹ ਸਮਾਜ ਵਿੱਚ ਏਕਾ ਪੈਦਾ ਕਰਨ ਲਈ ਅਹਿਮ ਪ੍ਰਭਾਵ ਵੀ ਪਾ ਸਕਦੇ ਹਨ, ਯੋਗਦਾਨ ਵੀ। ਜੇ ਉਹ ਸਮਾਜ ਪ੍ਰਤੀ ਸੰਜੀਦਾ ਹੋ ਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਤਾਂ ਲੋਕ ਡੇਰਿਆਂ ਵੱਲ ਨਹੀਂ ਭੱਜਣਗੇ, ਜੇਲ੍ਹਾਂ ਵਿੱਚ ਡੱਕੇ ਆਪੇ ਬਣੇ ਭਗਵਾਨਾਂ ਨੂੰ ਨਹੀਂ ਧਿਆਉਣਗੇ, ਸਗੋਂ ਅਕਲ ਦਾ ਇਸਤੇਮਾਲ ਕਰਦਿਆਂ ਆਪਣੇ-ਆਪ ਨੂੰ ਸਮਝਣਗੇ ਅਤੇ ਸਮਾਜ ਦੀ ਭੂਮਿਕਾ ਸਮਝਦਿਆਂ ਉਹ ਕੁਝ ਕਰਨਗੇ, ਜਿਸ ਨਾਲ ਜੀਵਨ ਸਫ਼ਲਾ ਹੋਵੇ।

ਜਿਹੜੇ ਧਰਮ ਦੂਜੇ ਧਰਮੀਆਂ ਨਾਲ ਸਿੱਝਣ, ਟਕਰਾਉਣ ਦੀ ਕਿਰਿਆ ਕਰਨ ਜਾਂ ਸਿਖਾਉਣ, ਲੋਕਾਂ ਨੂੰ ਉਨ੍ਹਾਂ ਦੇ ਰਾਹ ਨਹੀਂ ਪੈਣਾ ਚਾਹੀਦਾ। ਇਹ ਨਫ਼ਰਤ ਦਾ ਰਾਹ ਹੈ ਜਿਸ 'ਤੇ ਤੁਰਨ ਨਾਲ ਘਾਟਾ ਹੀ ਘਾਟਾ ਹੈ, ਮੁਨਾਫ਼ਾ ਨਹੀਂ। ਉਸ ਰਾਹ ਉੱਤੇ ਤੁਰਨਾ ਹੀ ਸਫ਼ਲ ਹੋ ਸਕਦਾ ਹੈ, ਜਿਸ 'ਤੇ ਨਫ਼ਰਤ ਦਾ ਜ਼ੋਰ ਨਾ ਹੋਵੇ, ਸਗੋਂ ਮੋਹ-ਮੁਹੱਬਤ ਦੀਆਂ ਮਹਿਕਾਂ ਹੋਣ ਅਤੇ ਭਾਈਚਾਰਕ ਤੰਦਾਂ ਮਜ਼ਬੂਤ ਹੋਣ। ਆਓ ਲੋਕਤੰਤਰੀ ਰਾਜ 'ਚ ਨਫ਼ਰਤ ਦਾ ਜ਼ੋਰ ਖ਼ਤਮ ਕਰੀਏ ਅਤੇ ਨਜ਼ਦੀਕੀਆਂ ਵਧਾ ਕੇ ਜੀਵਨ ਸਫ਼ਲਾ ਕਰੀਏ।

### ਭਾਸ਼ਾਵਾਂ ਦਾ ਆਦਰ

ਭਾਰਤ ਸਰਕਾਰ, ਸੁਪਰੀਮ ਕੋਰਟ ਤੇ ਹੋਰ ਅਦਾਲਤਾਂ ਅਤੇ ਰਾਜ ਸਰਕਾਰਾਂ ਨੂੰ ਉਹ ਕੰਮ ਕਰਨੇ ਚਾਹੀਦੇ ਹਨ, ਜਿਨ੍ਹਾਂ ਨਾਲ ਲੋਕ ਸੰਤੁਸ਼ਟ ਅਤੇ ਖੁਸ਼ ਹੁੰਦੇ ਹੋਣ। ਸੁਪਰੀਮ ਕੋਰਟ ਦੇ ਫ਼ੈਸਲੇ ਭਾਰਤੀ ਭਾਸ਼ਾਵਾਂ ਵਿੱਚ ਦੱਸੇ ਜਾਣ ਤਾਂ ਠੀਕ ਰਹੇਗਾ। ਜੇ ਸੁਪਰੀਮ ਕੋਰਟ ਨੇ ਅਜਿਹਾ ਕਰਨਾ ਮੰਨ ਲਿਆ ਹੈ ਤਾਂ ਇਹ ਚੰਗੀ ਗੱਲ ਹੈ ਅਤੇ ਭਾਸ਼ਾਵਾਂ ਦਾ ਬਣਦਾ ਆਦਰ। ਪਹਿਲਾਂ ਚਾਰ ਭਾਸ਼ਾਵਾਂ ਨੂੰ ਤਸਲੀਮ ਕੀਤਾ ਗਿਆ ਸੀ, ਪਰ ਮੰਗ ਉਠਾਏ ਜਾਣ 'ਤੇ ਹੋਰ ਭਾਸ਼ਾਵਾਂ ਨੂੰ ਵੀ ਆਦਰ ਦੇ ਦਿੱਤਾ ਗਿਆ ਤਾਂ ਕਿ ਜਨਤਾ ਵਿੱਚ ਵਿਤਕਰੇ ਦੀ ਭਾਵਨਾ ਉਜਾਗਰ ਨਾ ਹੋਵੇ।

ਚੰਗਾ ਹੋਵੇ ਜੇ ਪੰਜਾਬ ਦੇ ਪਾਰਲੀਮੈਂਟ ਮੈਂਬਰ ਵੀ ਤਾਮਿਲਨਾਡੂ ਦੇ ਐਮ ਪੀ ਸਟਾਲਨ ਵਾਂਗਰ ਜਾਗਦੇ ਰਹਿਣ ਅਤੇ ਆਪਣੀ ਮਾਂ-ਬੋਲੀ ਅਤੇ ਹੋਰ ਮਸਲਿਆਂ ਬਾਰੇ ਜ਼ੋਰਦਾਰ ਆਵਾਜ਼ ਉਠਾਉਣ। ਪੰਜਾਬ ਵਿੱਚ ਕਈ ਜਥੇਬੰਦੀਆਂ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਵਿੱਚ ਲੱਗੀਆਂ ਹੋਈਆਂ ਸਰਗਰਮ ਹਨ, ਜਿਨ੍ਹਾਂ 'ਚੋਂ ਕੇਂਦਰੀ ਪੰਜਾਬੀ ਲੇਖਕ ਸਭਾ ਤਾਂ ਹਰ ਦਮ ਹੋਕਾ ਦਿੰਦੀ ਰਹਿੰਦੀ ਹੈ, ਪਰ ਪੰਜਾਬੀ ਭਾਸ਼ਾ ਪ੍ਰਸਾਰ ਭਾਈਚਾਰਾ ਥੋੜ੍ਹੇ ਸਮੇਂ 'ਚ ਵੱਡੇ ਕੰਮ ਕਰ ਗਿਆ। ਮਿਲਵੇਂ ਯਤਨ ਹੁੰਦੇ ਰਹਿਣ ਤਾਂ ਹੀ ਜ਼ਿੰਦਾਬਾਦ।

### ਲਤੀਫ਼ੇ ਦਾ ਚਿਹਰਾ-ਮੋਹਰਾ

? ਚੰਦਰਯਾਨ ਦੀ ਯਾਤਰਾ ਦੀ ਬੜੀ ਚਰਚਾ ਹੋ ਰਹੀ ਹੈ। ਭਲਾ ਇਹ ਕੀ ਬਲਾਅ ਹੈ।

\- ਇਹ ਬਲਾਅ ਨਹੀਂ, ਵਿਗਿਆਨਕ ਪ੍ਰਾਪਤੀ ਹੋ ਰਹੀ ਹੈ।

? ਕੀ ਹੋ ਜਾਊ ਇਸ ਨਾਲ ਦੇਸ਼ ਦਾ।

\- ਹੋਰ ਕੁਝ ਹੋਵੇ ਨਾ ਹੋਵੇ, ਉਸ ਮਾਮੇ 'ਤੇ ਤਿਰੰਗਾ ਝੁੱਲੇਗਾ, ਜੋ ਬੱਚਿਆਂ ਦਾ ਮਾਮਾ ਹੀ ਰਹੇਗਾ।

? ਪਤੇ ਦੀ ਕੋਈ ਗੱਲ ਦੱਸ ਜੇ ਕੋਈ ਹੈ ਤਾਂ?

\- ਹਾਂ ਫੇਰ ਅਡਾਨੀ ਅੰਬਾਨੀ ਦਾ ਪੈਸਾ ਝੁੱਲੇਗਾ।

-0-

ਲੜਕੀ - ਮੇਰੇ ਪਾਪਾ ਨੇ ਕਿਹਾ ਕਿ ਜੇ ਇਸ ਵਾਰ ਵੀ ਫੇਲ੍ਹ ਹੋ ਗਈ ਤਾਂ ਆਟੋ ਵਾਲੇ ਨਾਲ ਵਿਆਹ ਦੇਊਂ।

ਲੜਕਾ - ਇਹ ਤਾਂ ਕਮਾਲ ਹੈ। ਮੇਰੇ ਪਾਪਾ ਨੇ ਕਿਹਾ ਕਿ ਪਾਸ ਹੋਵੇ ਜਾਂ ਫੇਲ੍ਹ ਆਟੋ ਲੈ ਦੇਣਾ, ਚਲਾਈ ਜਾਈਂ - ਵਾਹ ਕਿਆ ਕਮਾਲ ਆਪਣੀ ਜੋੜੀ ਬਣੀ ਲਓ।

# ਕੀ ਕਰਮਚਾਰੀ ਨੂੰ ਮੁਅੱਤਲ ਕਰਨ ਨਾਲ ਮਹਿਕਮੇ 'ਚ ਸੁਧਾਰ ਹੁੰਦਾ ਹੈ?



ਮੇਜਰ ਸਿੰਘ ਨਾਭਾ
91-94635-53962

ਸ਼ਰਕਾਰ ਦੇ ਕੰਮ ਨੂੰ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਚਲਾਉਣਾ ਹੁੰਦਾ ਹੈ। ਹਰੇਕ ਮਹਿਕਮੇ ਦੇ ਅੰਦਰ ਇਮਾਨਦਾਰ ਅਤੇ ਭ੍ਰਿਸ਼ਟ ਅਧਿਕਾਰੀ ਅਤੇ ਕਰਮਚਾਰੀ ਹੁੰਦੇ ਹਨ।ਇਨ੍ਹਾਂ ਦਾ ਅਨੁਪਾਤ ਮਹਿਕਮਿਆਂ ਅਨੁਸਾਰ ਘੱਟ ਵੱਧ ਹੋ ਸਕਦਾ ਹੈ। ਉਨ੍ਹਾਂ ਉੱਪਰ ਮਹਿਕਮੇ ਪ੍ਰਤੀ ਲੋਕਾਂ ਦੇ ਪ੍ਰਤੀ ਬਿੰਬ ਨੂੰ ਬਣਾਉਣਾ ਨਿਰਭਰ ਕਰਦਾ ਹੈ। ਸਾਰੇ ਮਹਿਕਮਿਆਂ ਅੰਦਰ ਬਹਤ ਸਾਰੇ ਕਰਮਚਾਰੀਆਂ ਅਤੇ ਅਧਿਕਾਰੀਆਂ ਖ਼ਿਲਾਫ ਵਿਭਾਗੀ ਪੜਤਾਲਾਂ, ਕੇਸ ਆਦਿ ਚਲ ਰਹੇ ਹਨ।ਬਹੁਤ ਸਾਰੇ ਸਜ਼ਾ ਦੇ ਇਰਾਦੇ ਨਾਲ ਮੁਅੱਤਲ ਕਰਕੇ ਜਾਂ ਦੂਰ ਦੁਰਾਡੇ ਭੇਜ ਦਿੱਤੇ ਜਾਂਦੇ ਹਨ। ਕਈ ਵਾਰੀ ਉਪਰਲੇ ਅਫਸਰ ਜਾਂ ਮੰਤਰੀ ਤੱਕ ਪਹੁੰਚ ਕਰਕੇ ਮਾੜੀ ਜਿਹੀ ਗੱਲ ਕਾਰਨ ਕਿਸੇ ਵੀ ਕਰਮਚਾਰੀ ਜਾਂ ਅਧਿਕਾਰੀ ਨੂੰ ਮੁਅੱਤਲ ਕਰਵਾ ਦਿੱਤਾ ਜਾਂਦਾ ਹੈ ਜਿਸ ਨਾਲ ਵਿਭਾਗ ਦੇ ਕੰਮ ਕਾਰ ਵਿੱਚ ਖੜੌਤ ਆ ਜਾਂਦੀ ਹੈ, ਜੇਕਰ ਕਰਮਚਾਰੀ ਇਮਾਨਦਾਰੀ ਦੀ ਭੇਟ ਚੜ੍ਹ ਕੇ ਜਾਂਦਾ ਹੈ ਤਾਂ ਲੋਕਾਂ ਅਤੇ ਮਹਿਕਮੇ ਲਈ ਜ਼ਿਆਦਾ ਘਾਟੇ ਵਾਲਾ ਹੁੰਦਾ ਹੈ। ਕਈ ਮੁਲਾਜ਼ਮ ਮੁਅੱਤਲ ਹੋਣ ਲਈ ਪਹਿਲਾਂ ਹੀ ਤਿਆਰ ਹੁੰਦੇ ਹਨ ਕਿਉਂ ਕਿ ਉਨ੍ਹਾਂ ਦਾ ਹੈਡ ਕੁਆਟਰ ਬਣਾ ਕੇ ਉਥੇ ਇੱਕ ਜਾਂ ਦੋ ਦਿਨ ਹਾਜ਼ਰੀ ਪੁਆਉਣੀ ਹੁੰਦੀ ਹੈ ।ਇਸ ਤਰ੍ਹਾਂ ਕਰਮਚਾਰੀ ਵਹਿਲੇ ਦਿਨਾਂ 'ਚ ਆਪਣੇ ਕੰਮ ਕਰ ਲੈਂਦਾ ਹੈ ਅਤੇ ਕੇਸ ਖਤਮ ਹੋਣ ਤੇ ਜਮ੍ਹਾਂ ਹੋਈ ਪੂਰੀ ਤਨਖਾਹ ਵੀ ਲੈ ਲੈਂਦਾ ਹੈ ਕਿਉਂ ਕਿ ਕੋਰਟ 'ਚ ਸਬੂਤਾਂ ਦੀ ਅਣਹੋਂਦ ਕਰਕੇ ਫੈਸ਼ਲੇ ਲੱਗਭੱਗ ਕਰਮਚਾਰੀ ਦੇ ਹੱਕ 'ਚ ਹੀ ਹੁੰਦੇ ਹਨ।

ਹੁਣੇ ਤਾਜ਼ਾ ਘਟਨਾ ਸੰਗਰੂਰ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸ.ਸ.) ਸ਼੍ਰ. ਜੋਗਿੰਦਰ ਸਿੰਘ ਨੂੰ ਮੁਅੱਤਲ ਕਰਨ ਦੀ ਵਾਪਰੀ ਹੈ ਜਿਸ ਨੇ ਇਮਾਨਦਾਰ ਕਰਮਚਾਰੀਆਂ ਅਤੇ ਅਫਸਰਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਉਸ ਅਧਿਕਾਰੀ ਦਾ ਕਸੂਰ ਇਹ ਦੱਸਿਆ ਕਿ ਉਹ ਭਵਾਨੀਗੜ੍ਹ ਸਕੂ.ਲ 'ਚ ਸਿੱਖਿਆ ਮੰਤਰੀ ਵਲੋਂ ਰੱਖੇ ਸਾਈਕਲ ਵੰਡ ਸਮਾਰੋਹ 'ਚ ਸੂਚਿਤ ਕਰਨ ਦੇ ਬਾਵਜੂਦ ਨਹੀਂ ਆਇਆ। ਵੈਸੇ ਤਾਂ ਸਿੱਖਿਆ ਮੰਤਰੀ ਬਹੁਤ ਸੂਝਵਾਨ ਅਤੇ ਉੱਚ ਸਿੱਖਿਆ ਪ੍ਰਾਪਤ ਹਨ, ਜਿਨ੍ਹਾਂ ਤੋਂ ਇਹੋ ਜਿਹੀ ਆਸ ਨਹੀਂ ਸੀ, ਉਨ੍ਹਾਂ ਨੂੰ ਤਾਂ ਸਗੋਂ ਇਹੋ ਜਿਹੀਆਂ ਮਾੜੀਆਂ ਮੋਟੀਆਂ ਗੱਲਾਂ ਨੂੰ ਅਣਗੋਲਿਆ ਕਰ ਦੇਣਾ ਚਾਹੀਦਾ ਸੀ। ਪਰ ਮੁਅੱਤਲੀ ਦੇ ਹੁਕਮ ਜੋ ਕਿ ਸਿੱਖਿਆ ਸਕੱਤਰ ਵਲੋਂ ਜਾਰੀ ਕੀਤੇ ਗਏ ਹਨ ਵਿੱਚ ਸਪਸ਼ਟ ਲਿਖਿਆ ਹੈ, 'ਇਹ ਹੁਕਮ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਜੀ ਦੇ ਹੁਕਮਾਂ ਦੀ ਪਾਲਣਾ ਹਿੱਤ ਜਾਰੀ ਕੀਤੇ ਜਾਂਦੇ ਹਨ'। ਮਾਣਯੋਗ ਸਿੱਖਿਆ ਮੰਤਰੀ ਨੇ ਇਹ ਸਖਤ ਫੈਸ਼ਲਾ ਕਿਉਂ ਲਿਆ, ਇਹ ਵੀ ਉਨ੍ਹਾਂ ਦੀ ਸਖਸ਼ੀਅਤ ਲਈ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ।ਉਸ ਅਧਿਕਾਰੀ ਦੇ ਸਮਾਗਮ ਵਿੱਚ ਨਾ ਪੁੱਜਣ ਦੇ ਕਾਰਣ ਕੀ ਵੱਡਾ ਘਾਟਾ ਪਿਆ, ਇਹ ਤਾਂ ਮੁਅੱਤਲ ਕਰਨ ਵਾਲੇ ਹੀ ਦੱਸ ਸਕਦੇ ਹਨ।ਪਰ ਇਥੇ ਇਹ ਵੀ ਦੱਸਣਯੋਗ ਹੈ ਕਿ ਉਸ ਇਮਾਨਦਾਰ ਅਧਿਕਾਰੀ ਨੇ ਬਤੌਰ ਪਿੰਸੀਪਲ ਸੰਦੌੜ ਸਕੂਲ 'ਚ ਸ਼ਾਨਦਾਰ ਸੇਵਾਵਾਂ ਨਿਭਾ ਕੇ ਬੱਚਿਆਂ ਦੀ ਭਲਾਈ ਲਈ ਹਮੇਸ਼ਾਂ ਕੰਮ ਕੀਤਾ ਅਤੇ ਸਕੂਲ ਦੀ ਦਿੱਖ ਨੂੰ ਚਾਰ ਚੰਨ ਲਾਕੇ ਵਿਲੱਖਣ ਰੂਪ ਦੇ ਦਿੱਤਾ ਜਿਸ ਸਦਕਾ ਪਿਛਲੇ ਸਮੇਂ 'ਚ ਰਾਜ ਸਰਕਾਰ ਵਲੋਂ ਉਨ੍ਹਾਂ ਨੂੰ ਰਾਜ ਪੁਰਸ਼ਕਾਰ ਨਾਲ ਸਨਮਾਨਿਤ ਕੀਤਾ ਗਿਆ। ਉਸ ਅਧਿਕਾਰੀ ਦੀ ਉਸ ਦਿਨ ਕੀ ਮਜਬੂਰੀ ਸੀ ਇਹ ਵੀ ਦੇਖਣਾ ਬਣਦਾ ਹੈ। ਇਸ ਵਰਤਾਰੇ ਨਾਲ ਹੋਰ ਵਾਧੂ ਦੀਆਂ ਕਾਰਵਾਈਆਂ ਲਈ ਦਫਤਰ ਦਾ ਕੰਮ ਵੱਧੇਗਾ।ਜੇ ਸਿਰਫ ਤਾੜਨਾ ਪੱਤਰ ਨਾਲ ਕੰਮ ਸਰ ਜਾਂਦਾ ਉਹ ਜਿਆਦਾ ਵਧੀਆ ਸੀ। ਇਸ ਸਾਰੇ ਵਰਤਾਰੇ ਦੀ ਕਈ ਜਥੇਬੰਦੀਆਂ ਨੇ ਨਿੰਦਾ ਕੀਤੀ ਹੈ, ਜੋ ਕਰਨੀ ਵੀ ਬਣਦੀ ਹੈ। ਚੰਗੇ ਕੰਮ ਦੀ ਹਮੇਸ਼ਾਂ ਪ੍ਰਸ਼ੰਸਾ ਕਰਨੀ ਬਣਦੀ ਹੈ। ਪਰ ਮੁਅੱਤਲੀ ਕਾਰਨ ਜਿਲ੍ਹਾ ਸਿੱਖਿਆ ਦਫਤਰ ਦਾ ਕੰਮ ਜਰੂਰ ਪ੍ਰਭਾਵਤ ਹੋਵੇਗਾ।

**ਹੁਣੇ ਤਾਜ਼ਾ ਘਟਨਾ ਸੰਗਰੂਰ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਸ.ਸ.) ਸ਼੍ਰ. ਜੋਗਿੰਦਰ ਸਿੰਘ ਨੂੰ ਮੁਅੱਤਲ ਕਰਨ ਦੀ ਵਾਪਰੀ ਹੈ ਜਿਸ ਨੇ ਇਮਾਨਦਾਰ ਕਰਮਚਾਰੀਆਂ ਅਤੇ ਅਫਸਰਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਉਸ ਅਧਿਕਾਰੀ ਦਾ ਕਸੂਰ ਇਹ ਦੱਸਿਆ ਕਿ ਉਹ ਭਵਾਨੀਗੜ੍ਹ ਸਕੂ.ਲ 'ਚ ਸਿੱਖਿਆ ਮੰਤਰੀ ਵਲੋਂ ਰੱਖੇ ਸਾਈਕਲ ਵੰਡ ਸਮਾਰੋਹ 'ਚ ਸੂਚਿਤ ਕਰਨ ਦੇ ਬਾਵਜੂਦ ਨਹੀਂ ਆਇਆ। ਵੈਸੇ ਤਾਂ ਸਿੱਖਿਆ ਮੰਤਰੀ ਬਹੁਤ ਸੂਝਵਾਨ ਅਤੇ ਉੱਚ ਸਿੱਖਿਆ ਪ੍ਰਾਪਤ ਹਨ, ਜਿਨ੍ਹਾਂ ਤੋਂ ਇਹੋ ਜਿਹੀ ਆਸ ਨਹੀਂ ਸੀ ,ਉਨ੍ਹਾਂ ਨੂੰ ਤਾਂ ਸਗੋਂ ਇਹੋ ਜਿਹੀਆਂ ਮਾੜੀਆਂ ਮੋਟੀਆਂ ਗੱਲਾਂ ਨੂੰ ਅਣਗੋਲਿਆ ਕਰ ਦੇਣਾ ਚਾਹੀਦਾ ਸੀ। ਪਰ ਮੁਅੱਤਲੀ ਦੇ ਹੁਕਮ ਜੋ ਕਿ ਸਿੱਖਿਆ ਸਕੱਤਰ ਵਲੋਂ ਜਾਰੀ ਕੀਤੇ ਗਏ ਹਨ ਵਿੱਚ ਸਪਸ਼ਟ ਲਿਖਿਆ ਹੈ, 'ਇਹ ਹੁਕਮ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਜੀ ਦੇ ਹੁਕਮਾਂ ਦੀ ਪਾਲਣਾ ਹਿੱਤ ਜਾਰੀ ਕੀਤੇ ਜਾਂਦੇ ਹਨ'।**

ਮੇਰੇ ਨਾਲ ਇੱਕ ਮੈਥ ਮਾਸਟਰ ਨੇ ਕੰਮ ਕੀਤਾ ਉਸ ਨੂੰ ਕਿਸੇ ਫੋਜਦਾਰੀ ਕੇਸ ਕਰਕੇ ਮੁਅੱਤਲੀ ਹੋਣ ਕਰਕੇ ਤਕਰੀਬਨ 14-15 ਸਾਲ ਘਰ ਰਹਿਣਾ ਪਿਆ। ਮਜਬੂਰੀ ਵੱਸ ਉਸ ਨੇ ਇਸ ਸਮੇਂ ਦੌਰਾਨ ਆਪਣਾ ਵਧੀਆ ਕਾਰੋਬਾਰ ਤੋਰ ਲਿਆ।ਉਸ ਦੀ ਪੋਸਟ ਲੀਅਨ ਬਣ ਗਈ ਜਿਸ ਨਾਲ ਬੱਚਿਆਂ ਦਾ ਜਰੂਰ ਨੁਕਸਾਨ ਹੋਇਆ। ਅਖੀਰ ਉਹ ਕੇਸ ਜਿੱਤ ਗਿਆ ਤੇ ਬਹਾਲ ਹੋ ਗਿਆ। ਉਸ ਦਾ ਮੁਅੱਤਲੀ ਅਧੀਨ ਸਮਾਂ ਰੈਗੂਲਰ ਗਿਣਿਆ ਜਾਣ ਕਰਕੇ ਉਹ ਹੈਡਮਾਸਟਰ ਵੀ ਬਣ ਗਿਆ।ਹੁਣ ਦੱਸੋ ਮਹਿਕਮੇ ਨੂੰ ਕੀ ਮਿਲਿਆ? ਘੱਟੋ-ਘੱਟ ਉਸ ਕਰਮਚਾਰੀ ਤੋਂ ਕੰਮ ਤਾਂ ਲੈਂਦੇ। ਕਈ ਕਰਮਚਾਰੀ ਤਾਂ ਜਾਣ ਬੁਝ ਕੇ ਕੋਈ ਨਾ ਕੋਈ ਪੰਗਾ ਲੈ ਕੇ ਮੁਅੱਤਲ ਹੋਣ ਨੂੰ ਆਪ ਹੀ ਫਿਰਦੇ ਹੁੰਦੇ ਨੇ,ਕਿਉਂ ਕਿ ਉਨ੍ਹਾਂ ਨੂੰ ਪਤਾ ਹੁੰਦਾ ਕਿ ਆਖਿਰ ਬਹਾਲ ਤਾਂ ਹੋ ਹੀ ਜਾਣਾ ਹੁੰਦਾ, ਘਰ ਦੇ ਕੰਮ ਹੀ ਸੰਵਾਰ ਲਵਾਂਗੇ। ਕਈਆ ਦੇ ਸਾਈਡ ਬਿਜਨੈਸ ਤੋਰੇ ਹੁੰਦੇ ਹਨ, ਉਹ ਵੀ ਨਹੀਂ ਇਹੋ ਜਿਹੇ ਚੱਕਰਾਂ ਤੋਂ ਡਰਦੇ।ਮੇਰਾ ਦੋਸਤ ਮਿਡ ਡੇ ਮੀਲ ਦਾ ਇੰਚਾਰਜ ਸੀ, ਵਧਦੀ ਕਣਕ ਚਾਵਲ ਹਰੇਕ ਸਕੂਲ ਨੂੰ ਤਕਰੀਬਨ ਅਡਜਸਟ ਕਰਨੀ ਪੈਂਦੀ ਹੈ। ਸਟਾਫ ਅਤੇ ਸਕੂਲ ਮੁੱਖੀ ਦੀ ਸਹਿਮਤੀ ਨਾਲ ਵਾਧੂ ਕਣਕ ਵੇਚ ਕੇ ਸਕੂ.ਲ ਦੇ ਵਿਕਾਸ ਤੇ ਲਾ ਦਿੰਦੇ ਸੀ ।ਕੋਈ ਹੀ ਮਾੜੀ ਸੋਚ ਦਾ ਅਧਿਆਪਕ ਹੋਊ ਜਿਹੜਾ ਇਹ ਪੈਸੇ ਖਾਂਦਾ ਹੋਵੇਗਾ, ਨਹੀਂ ਤਕਰੀਬਨ ਸਾਰੇ ਮਿਡ ਡੇ ਮੀਲ ਇੰਚਾਰਜ਼ ਸਕੂ.ਲ ਦਾ ਕੁਝ ਨਾ ਕੁਝ ਨਵਾਂ ਬਣਾਈ ਹੀ ਜਾਂਦੇ ਨੇ। ਉਨ੍ਹਾਂ ਦੀ ਆਟਾ ਚੱਕੀ ਨਾਲ ਗੱਲ ਸੀ। ਛੁੱਟੀ ਤੋਂ ਬਾਅਦ ਰੇੜ੍ਹੀ ਵਾਲਾ ਕਣਕ ਲਿਜਾਂਦਾ ਪਿੰਡ ਦੇ ਕਿਸੇ ਵਿਅਕਤੀ ਨੇ ਫੜ੍ਹਾ ਦਿੱਤਾ। ਇੰਚਾਰਜ਼ ਅਤੇ ਸਕੂਲ ਮੁੱਖੀ ਮੁਅੱਤਲ ਕਰ ਦਿੱਤੇ। ਕੇਸ ਚੱਲਿਆ ਅਤੇ ਆਖਿਰ ਡੇਢ ਸਾਲ ਬਾਅਦ ਬਹਾਲੀ ਹੋ ਗਈ। ਮੇਰੇ ਦੋਸਤ ਦਾ ਮਕਾਨ ਅਧੂਰਾ ਸੀ ਉਸਨੇ ਮੁਅੱਤਲੀ ਦੌਰਾਨ ਆਪਣਾ ਮਕਾਨ ਪੂਰਾ ਕਰ ਲਿਆ,ਉਂਝ ਉਸ ਲਈ ਇਹ ਕੰਮ ਕਰਨਾ ਮੁਸ਼ਕਿਲ ਸੀ। ਤਨਖਾਹ ਸਾਰੀ ਮਿਲ ਹੀ ਗਈ। ਇਸ ਤਰ੍ਹਾਂ ਮੁਅੱਤਲੀ ਕਾਰਨ ਮਹਿਕਮੇ ਦਾ ਵਾਹਵਾ ਨੁਕਸਾਨ ਹੁੰਦਾ ਹੈ।ਮਿਡ ਡੇ ਦੇ ਕੰਮ 'ਚ ਜਿੰਨੇ ਮਰਜ਼ੀ ਕਰਮਚਾਰੀ ਮੁਅੱਤਲ ਕਰ ਲਓ, ਇਹ ਕੰਮ ਹੀ ਅਜਿਹਾ ਹੈ। ਇਸ ਵਿੱਚ ਪਾਰਦਰਸ਼ੀ ਨਹੀਂ ਹੋ ਸਕਦੀ।

ਸਿੱਖਿਆ ਵਿਭਾਗ ਅੰਦਰ ਰਾਜਨੀਤੀ ਐਨੀ ਭਾਰੀ ਹੋਈ ਰਹੀ ਹੈ ਕਿ ਲੰਮਾ ਸਮਾਂ ਜਿਲ੍ਹਾ ਸਿੱਖਿਆ ਅਧਿਕਾਰੀ ਕੰਮ ਕਰਨ ਵਾਲੇ ਸਕੂਲ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ ਜਾਂ ਕੰਮ ਕਰ ਰਹੇ ਹਨ। ਇਹ ਉਨ੍ਹਾਂ ਦੇ ਅਪਮਾਨ ਕਰਨ ਵਾਲ਼ੀ ਗੱਲ ਹੀ ਤਾਂ ਹੈ। ਪਹਿਲਾਂ ਹੀ ਇਹੋ ਜਿਹੇ ਅਧਿਕਾਰੀਆਂ ਨੂੰ ਸੀਨੀਆਰਟੀ ਮੁਤਾਬਕ ਲਾਉਣਾ ਚਾਹੀਦਾ ਹੈ। ਵੈਸੇ ਮੰਤਰੀ ਸਾਹਿਬਾਨ ਜਦੋਂ ਇਹੋ ਜਿਹੇ ਸਮਾਗਮਾਂ ਵਿੱਚ ਜਾਣ ਤਾਂ ਜਿਲ੍ਹੇ ਦੇ ਅਧਿਕਾਰੀਆਂ ਨੂੰ ਬਿਨ੍ਹਾਂ ਲੋੜ ਤੋਂ ਨਾ ਹੀ ਸੱਦਿਆ ਜਾਵੇ ਤਾਂ ਇਹ ਲੋਕ ਹਿੱਤ ਵਿੱਚ ਹੋਵੇਗਾ।

ਇਸ ਤਰ੍ਹਾਂ ਦਫਤਰੀ ਕੰਮਾਂ ਵਿੱਚ ਖੜੌਤ ਆ ਜਾਂਦੀ ਹੈ ਤੇ ਕੰਮਾਂ ਨਾਲ ਸਬੰਧਤ ਲੋਕ ਵੀ ਪ੍ਰੇਸ਼ਾਨ ਹੁੰਦੇ ਹਨ। ਦੂਸਰੀ ਗੱਲ ਇਹ ਵੀ ਹੈ ਜਦੋਂ ਕੋਈ ਸਕੀਮ ਪਹਿਲਾਂ ਹੀ ਚਲ ਰਹੀ ਹੈ ਤਾਂ ਉਸ ਨੂੰ ਹਰ ਥਾਂ ਤੇ ਹਰੇਕ ਸਾਲ ਸਮਾਗਮ ਕਰਾਕੇ ਵਾਰ- ਵਾਰ ਵਾਧੂ ਪੈਸਾ ਅਤੇ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ ਹੈ।ਇਹ ਤਾਂ ਕੋਈ ਨਵੀਂ ਸਕੀਮ ਜਦ ਪਹਿਲੀ ਵਾਰ ਸ਼ੁਰੂ ਹੋਵੇ ਉਦੋਂ ਸਮਾਗਮ ਕਰ ਲਿਆ ਜਾਵੇ ਵਧੀਆ ਗੱਲ ਹੋਵੇਗੀ, ਵੈਸੇ ਤਾਂ ਲੋਕ ਸਾਰਾ ਜਾਣਦੇ ਹੀ ਹਨ।

ਜਿਹੜੇ ਕਰਮਚਾਰੀ ਕੰਮਚੋਰ, ਭ੍ਰਿਸ਼ਟ, ਰਿਸ਼ਵਤਖੋਰ ਅਤੇ ਚਰਿੱਤਰਹੀਣ ਹੋਣ ਉਨ੍ਹਾਂ ਨੂੰ ਨੱਥ ਪਾਉਣ ਦੀ ਲੋੜ ਹੈ ਪਰ ਉਹ ਉੱਚ ਅਧਿਕਾਰੀਆਂ / ਰਾਜਨੀਤਕ ਲੋਕਾਂ ਦੀ ਚਾਪਲੂਸੀ ਕਰਨ ਕਰਕੇ ਬਚ ਨਿਕਲਦੇ ਹਨ। ਸੋ ਮੁਅੱਤਲੀ ਕਰਨ ਦੀ ਪ੍ਰਕ੍ਰਿਆ ਨੂੰ ਲੋਕ ਹਿੱਤੀ ਬਣਾਉਣ ਦੀ ਲੋੜ ਹੈ ਤਾਂ ਕਿ ਸਾਫ ਸੁੱਥਰਾ ਦਫਤਰੀ ਕੰਮਕਾਜ਼ ਲੋਕਾਂ ਲਈ ਲਾਹੇਵੰਦ ਹੋਵੇ। ਇਹ ਪ੍ਰਕ੍ਰਿਆ ਕਿਸੇ ਰੰਜ਼ਿਸ ਜਾਂ ਰਾਜਨੀਤੀ ਦੇ ਪ੍ਰਛਾਵੇਂ ਹੇਠ ਨਹੀਂ ਆਉਣੀ ਚਾਹੀਦੀ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



- * We Carry New and Used Tires All Major Brands
- * Smart Way Tires Available
- * Used Tires Start From & 135
- * Old Change $ 189 + Tax
- * We also do truck and car washing and waxing
- * Friendly and Professional Staff
- * We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
**530-824-5134**

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:
**650-642-0697**

## 3525 Highway 99, West Corning, CA 96021

Across the Street from TA Truck Stop

# TANDOOR

## Indian Restaurant

## 27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



## ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

**BUFFET LUNCH**
**11:00 AM To 3:00 PM**



ਸੁਰਿੰਦਰ 'ਕੋਕਾ' ਧਲੇਤਾ

## Ph. 510-885-1212, Fax. 510-885-1532

## We are open seven days 11 AM to 10 PM

# Thinking of Buying or Selling a Home? I Can Help!



COMMERCIAL & RESIDENTIAL REAL ESTATE

# JOHN SINGH BANGA

Honest & Experienced Realtor

**916-271-5404**

banga.realtor@gmail.com

www.banga.bhhser.com

CALBRE#01397975

FOR OVER 15 YEARS A TOP PRODUCER

BERKSHIRE HATHAWAY HomeServices Elite Real Estate

**DO YOU HAVE $3,000? If yes, we can help you buy your own home today using a down-payment assistance loan program.**

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Liquor Store for Sale
in Citrus Heights
Monthly Gross Sales: $40-45K
Listing Price:$139,900




5 Bedrooms, 4 Bathrooms
sq ft: 3458, Lot Size: 7623
Listing Price: $656,450
El Dorado Hills, CA




sacramentosmoke
Smoke Shop for Sale in Sacramento
Monthly Gross Sales: $50K
Listing Price: $150,00




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $115,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




4 Bedrooms, 3 Baths
Sqft: 2631, Lot Size: 6355*
Listing Price: $490,000
Sacramento, CA




4 Bedroom, 2 Bath
Sqft: 1656, Lot Size: 7841*
Listing Price:$329,000
Sacramento, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




Coffee Shop for Sale in Chico
Monthly Gross Sales: $25,000
Listing Price: $150,000



3 Bedroom, 2 Bathroom
Sqft: 1740*, Lot Size: 5502*
Listing Price: $397,000, Elk Grove, CA



5 Bedroom, 4 Bathroom
Sqft: 3037, Lot Size: 6827*
Listing Price: $515,000, Elk Grove, CA



8 Bedroom, 3 Bathroom
Sqft: 1978, Lot Size: 8102
Listing Price: $1,080,000, Pleasant Hill, CA




BERKSHIRE HATHAWAY
Home Services
Elite Real Estate

SPECIALISES IN BANK REPO
APARTMENTS, COMMERCIAL PROPERTIES, GAS STATIONS, HOTELS AND AGRICULTURAL LAND

**OFFICE: 7412 ELSIE AVE., SACRAMENTO, CA 95828**


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEIMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ
'15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
ਤੀਰਥ ਗਾਖਲ
ਰੰਗ ਕਬੱਡੀ ਦੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar
Ocean Transport
Kuljit Singh Nijjar
White Hawlk
Sponsor of 2nd Prize
Jugraj Singh Sahota & Narinder Singh Sahota of Sahota Family
Late. Kashmir Singh Sahota
Sponsor of 3rd Prize
Jaswinder Boparai, Dalbir Boparai
Malkit Bopari, Gurdev Boparai
Diamond Sponsor
Inder Dosanjh
Dosanjh Family Auto Group Inc.
Diamond Sponsor
In the loving Memory of Late S. Mehnga Singh Sarai
By: Sarai Family
Sponsor of U-25
1st Prize Sponsored by TAKHAR FAMILY in loving memory of Late. Santokh Singh Takhar Apna Punjab & Northern California Club
ਮੁੱਖ ਮਹਿਮਾਨ
ਮੈਨੀ ਗਰੇਵਾਲ
OPENING
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਵਾਈਸ ਮੇਅਰ ਫਰੀਮੋਂਟ
ਮੇਜਰ ਸਿੰਘ ਬੈਂਸ
ਵਿਸ਼ੇਸ਼ ਮਹਿਮਾਨ
ਗੈਰੀ ਸਿੰਘ
ਬੀਬੀ ਸੁਰਜੀਤ ਕੌਰ
ਸ. ਤਰਲੋਚਨ ਸਿੰਘ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Pinki Atwal Director
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulwinder Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kala Gakhal Director
ਗਾਖ਼ਲ ਭਰਾਵਾਂ ਵਲੋਂ ਆਪਣੇ ਪਿਤਾ ਸ੍ਰ. ਨਸੀਬ ਸਿੰਘ ਗਾਖ਼ਲ
ਦੀ ਯਾਦ ਵਿਚ ਨੇਕੀ ਸਿੱਧਵਾਂ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ
ਅਤੇ ਸੁਲਤਾਨ ਸ਼ਮਸ਼ਪੁਰ ਦਾ
ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ
ਗੋਲਡ ਮੈਡਲ ਨਾਲ ਸਨਮਾਨ
ਨੇਕੀ ਸਿੱਧਵਾਂ
ਸੰਦੀਪ ਨੰਗਲ ਅੰਬੀਆਂ
ਪਾਲਾ ਜਲਾਲਪੁਰ
ਖੁਸ਼ੀ ਦੁੱਗਾਂ
ਸੁਲਤਾਨ ਸ਼ਮਸਪੁਰ
All Kabaddi Lovers are openly Invited
GUEST OF HONOR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Pritam Singh Grewal
Bhupinder Singh Parmar
Makhan Sandhu
Amarjit Sangha
Bhjan Singh Thiara
Kuldip S. Sahota
Pamma deol
Jaswant Singh Hothi
Mangal Singh Bhandal
Dr. Harjinder Khehra
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Ruby Harkhowal
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Gurcharan Maan
Jaswant Singh Sarai
Media In charge
World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਕੁਮੈਂਟੇਟਰ
ਆਸ਼ਾ ਸ਼ਰਮਾ, ਸ਼ਕਤੀ ਮਾਣਕ,
ਇਕਬਾਲ ਗਾਲਿਬ,
ਮੱਖਣ ਅਲੀ, ਸੁਰਜੀਤ ਕਕਰਾਲੀ
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Are Sports Club 2. United Sports Club
3. Metro Sports Club New York 4. Canada Club
ਅੰਡਰ-25 ਟੀਮਾਂ
ਯੂਨਾਈਟਡ ਸਪੋਰਟਸ ਕਲੱਬ
ਬੇਏਰੀਆ ਸਪੋਰਟਸ ਕਲੱਬ
Spectator Have to reach at James Logan High School, International Law of Kabddi will apply, United Sports Club has reserve the right for last decisions.